# Samaj Weekly
# ਸਮਾਜ ਵੀਕਲੀ

Punjabi, Hindi & English Newspaper - UK & EU Edition


Vol : 4 : # ਅੰਕ 245 | 13/02/2026 | www.samajweekly.com | samajweekly | @samajweekly | samajweekly


# ਬੇ-ਭਰੋਸਗੀ ਮਤੇ 'ਤੇ ਚਰਚਾ ਹੋਣ ਤੱਕ ਲੋਕ ਸਭਾ ਵਿਚ ਸ਼ਾਮਿਲ ਨਹੀਂ ਹੋਣਗੇ ਸਪੀਕਰ ਓਮ ਬਿਰਲਾ

## 9 ਮਾਰਚ ਨੂੰ ਬੇਭਰੋਸਗੀ ਮਤੇ ’ਤੇ ਹੋ ਸਕਦੀ ਹੈ ਚਰਚਾ

**ਨਵੀਂ ਦਿੱਲੀ :** ਲੋਕ ਸਭਾ ਸਪੀਕਰ ਓਮ ਬਿਰਲਾ ਨੇ ਇਕ ਵੱਡਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਬੇ-ਭਰੋਸਗੀ ਮਤੇ 'ਤੇ ਚਰਚਾ ਹੋਣ ਤੱਕ ਲੋਕ ਸਭਾ ਵਿਚ ਸ਼ਾਮਿਲ ਨਹੀਂ ਹੋਣਗੇ। ਦੱਸ ਦੇਈਏ ਕਿ ਇੰਡੀਅਨ ਨੈਸ਼ਨਲ ਕਾਂਗਰਸ ਨੇ ਬੇਭਰੋਸਗੀ ਮਤੇ 'ਤੇ ਨੋਟਿਸ ਦਾਇਰ ਕੀਤਾ ਹੈ। ਇਸ ’ਤੇ 118 ਵਿਰੋਧੀ ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਹਨ ਅਤੇ 9 ਮਾਰਚ ਨੂੰ ਇਸ ’ਤੇ ਚਰਚਾ ਹੋਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਵਿਰੋਧੀ ਧਿਰ ਨੇ ਲੋਕ ਸਭਾ ਦੇ ਸਪੀਕਰ ਉੱਤੇ ਸਦਨ ਦੇ ਕੰਮਕਾਜ ਵਿੱਚ ਪੱਖਪਾਤੀ ਵਿਵਹਾਰ ਦਾ ਦੋਸ਼ ਲਾਉਂਦੇ ਹੋਏ ਬੇਭਰੋਸਗੀ ਪੇਸ਼ ਕੀਤਾ ਹੈ। ਪ੍ਰਾਪਤ ਜਾਣਕਾਰੀ ਰਿਪੋਰਟਾਂ ਅਨੁਸਾਰ ਵਿਰੋਧੀ ਧਿਰ ਦੇ ਇਸ ਪ੍ਰਸਤਾਵ ਉੱਤੇ ਹੁਣ ਓਮ ਬਿਰਲਾ ਨੇ ਫੈਸਲਾ ਕੀਤਾ ਹੈ ਕਿ ਉਨ੍ਹਾਂ ਨੂੰ ਹਟਾਉਣ ਵਾਲੇ ਪ੍ਰਸਤਾਵ ਉੱਤੇ ਜਦ ਤੱਕ ਸਦਨ ਵਿੱਚ ਚਰਚਾ ਅਤੇ ਫੈਸਲਾ ਨਹੀਂ ਹੋ ਜਾਂਦਾ, ਉਦੋਂ ਤੱਕ ਉਹ ਸਦਨ ਵਿੱਚ ਨਹੀਂ ਜਾਣਗੇ।





ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿ ਬਜਟ ਸੈਸ਼ਨ ਦੌਰਾਨ 9 ਮਾਰਚ ਨੂੰ ਸਪੀਕਰ ਨੂੰ ਹਟਾਉਣ ਵਾਲੇ ਪ੍ਰਸਤਾਵ ਉੱਤੇ ਚਰਚਾ ਹੋ ਸਕਦੀ ਹੈ। ਹਾਲਾਂਕਿ ਓਮ ਬਿਰਲਾ ਦੇ ਇਸ ਫੈਸਲੇ ਉੱਤੇ ਸੱਤਾ ਪੱਖ ਅਤੇ ਵਿਰੋਧੀ ਧਿਰ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਪਰ ਓਮ ਬਿਰਲਾ ਸਦਨ ਵਿੱਚ ਸਪੀਕਰ ਦੀ ਕੁਰਸੀ ਉੱਤੇ ਬੈਠਣ ਲਈ ਤਿਆਰ ਹੋਣਗੇ ਜਾਂ ਨਹੀਂ, ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ।

# ਬੰਗਲਾਦੇਸ਼ ’ਚ ਵੋਟਿੰਗ ਕੇਂਦਰ ਦੇ ਬਾਹਰ ਹੋਇਆ ਧਮਾਕਾ

**ਢਾਕਾ :** ਬੰਗਲਾਦੇਸ਼ ਵਿੱਚ ਆਮ ਚੋਣਾਂ ਲਈ ਵੋਟਿੰਗ ਜਾਰੀ ਹੈ । ਇਸ ਦੌਰਾਨ ਖੁਲਨਾ ਵਿੱਚ ਇੱਕ ਵੋਟਿੰਗ ਸੈਂਟਰ ਦੇ ਬਾਹਰ ਜਮਾਤ-ਏ-ਇਸਲਾਮੀ ਵਰਕਰਾਂ ਨਾਲ ਹੋਈ ਝੜਪ ਵਿੱਚ ਇੱਕ ਬੀ.ਐਨ.ਪੀ ਨੇਤਾ ਮੋਹਿਬੁਜ਼ਜ਼ਮਾਨ ਕੋਚੀ ਦੀ ਮੌਤ ਹੋ ਗਈ। ਬੀ.ਐਨ.ਪੀ. ਦਾ ਕਹਿਣਾ ਹੈ ਕਿ ਉਨ੍ਹਾਂ ਦੀ ਮੌਤ ਉਦੋਂ ਹੋਈ ਜਦੋਂ ਜਮਾਤ ਦੇ ਇੱਕ ਆਗੂ ਨੇ ਉਨ੍ਹਾਂ ਨੂੰ ਧੱਕਾ ਦਿੱਤਾ, ਜਿਸ ਕਾਰਨ ਉਹ ਇੱਕ ਰੁੱਖ ਨਾਲ ਟਕਰਾ ਗਏ । ਜਦਕਿ ਜਮਾਤ ਆਗੂ ਦਾ ਦਾਅਵਾ ਹੈ ਕਿ ਮੋਹਿਬੁਜ਼ਜ਼ਮਾਨ ਹੰਗਾਮੇ ਦੌਰਾਨ ਬੀਮਾਰ ਹੋ ਗਏ ਅਤੇ ਉਨ੍ਹਾਂ ਨੂੰ ਹਾਰਟ ਅਟੈਕ ਆ ਗਿਆ, ਜਿਸ ਕਾਰਨ ਉਨ੍ਹਾਂ ਦੀ ਮੌਤ ਹੋ ਗਈ।

ਉਧਰ ਬੰਗਲਾਦੇਸ਼ ਦੇ ਮੁੰਸ਼ੀਗੰਜ-3 ਅਤੇ ਗੋਪਾਲਗੰਜ ਸਦਰ ਇਲਾਕਿਆਂ ਵਿੱਚ ਵੋਟਿੰਗ ਕੇਂਦਰ ਦੇ ਬਾਹਰ ਦੇਸੀ ਬੰਬ ਸੁੱਟੇ ਗਏ । ਮੁੰਸ਼ੀਗੰਜ-3 ਵਿੱਚ ਧਮਾਕਿਆਂ ਤੋਂ



ਬਾਅਦ ਕੁਝ ਦੇਰ ਲਈ ਵੋਟਿੰਗ ਰੋਕ ਦਿੱਤੀ ਗਈ ਸੀ, ਜੋ ਬਾਅਦ ਵਿਚ ਮੁੜ ਸ਼ੁਰੂ ਹੋ ਗਈ ਸੀ । ਇਸੇ ਤਰ੍ਹਾਂ ਗੋਪਾਲਗੰਜ ਸਦਰ ਇਲਾਕੇ ਵਿੱਚ ਧਮਾਕੇ ਕਾਰਨ ਦੋ ਸੁਰੱਖਿਆ ਕਰਮਚਾਰੀ ਅਤੇ ਇੱਕ 14 ਸਾਲ ਦੀ ਲੜਕੀ ਜ਼ਖ਼ਮੀ ਹੋ ਗਈ। ਬੰਗਲਾਦੇਸ਼ ਵਿੱਚ ਲਗਭਗ 12.7 ਕਰੋੜ ਵੋਟਰ ਅੱਜ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਰਹੇ ਹਨ। ਇਸ ਚੋਣ ਵਿੱਚ ਨੌਜਵਾਨਾਂ ਦੀ ਭੂਮਿਕਾ ਬਹੁਤ ਅਹਿਮ ਮੰਨੀ ਜਾ ਰਹੀ ਹੈ, ਕਿਉਂਕਿ ਲਗਭਗ ਅੱਧੇ ਵੋਟਰ 18 ਤੋਂ 37 ਸਾਲ ਦੀ ਉਮਰ ਦੇ ਹਨ, ਜਿਨ੍ਹਾਂ ਵਿੱਚੋਂ ਲਗਭਗ 45.7 ਲੱਖ ਵੋਟਰ ਪਹਿਲੀ ਵਾਰ ਵੋਟ ਪਾਉਣ ਜਾ ਰਹੇ ਹਨ।

# ਭਾਰਤ ਨੂੰ ਸਵਦੇਸ਼ੀ ਬਣਾਉਣ ਵਾਲੀ ਭਾਜਪਾ ਅਮਰੀਕਾ ਕੋਲ ਵਿਕ ਚੁੱਕੀ ਹੈ : ਹਰਪਾਲ ਚੀਮਾ

### ਅਮਰੀਕਾ ਨਾਲ ਹੋਏ ਵਪਾਰ ਸਮਝੌਤੇ ਦੇ ਦਸਤਾਵੇਜ਼ ਜਨਤਕ ਕਰੇ ਕੇਂਦਰ ਸਰਕਾਰ

**ਚੰਡੀਗੜ੍ਹ :** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਚੰਡੀਗੜ੍ਹ ਵਿਖੇ ਅੱਜ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਮਰੀਕਾ ਨਾਲ ਨਵਾਂ ਵਪਾਰਕ ਸਮਝੌਤਾ ਕਰਕੇ ਪੰਜਾਬ ਅਤੇ ਦੇਸ਼ ਕਿਸਾਨਾਂ ਨੂੰ ਧੋਖਾ ਦਿੱਤਾ ਹੈ । ਉਨ੍ਹਾਂ ਕਿਹਾ ਕਿ ਜੇਕਰ ਅਮਰੀਕਾ ਦੇ ਉਤਪਾਦ ਦੇਸ਼ ਵਿਚ ਵਿਕਣਗੇ ਤਾਂ ਪੰਜਾਬ ਦਾ ਉਤਪਾਦ ਰੁਲ ਜਾਵੇਗਾ।

ਉਨ੍ਹਾਂ ਅੱਗੇ ਕਿਹਾ ਕਿ ਭਾਰਤ ਨੂੰ ਸਵਦੇਸ਼ੀ ਬਣਾਉਣ ਦੇ ਦਾਅਵੇ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਅਮਰੀਕਾ ਕੋਲ ਵਿਕ ਚੁੱਕੀ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅੱਗੇ ਗੋਡੇ ਟੇਕ ਦਿੱਤੇ ਹਨ। ਭਾਜਪਾ



ਨੂੰ ਦੇਸ਼ ਨੂੰ ਵੇਚਣ ਦਾ ਕੰਮ ਕਰ ਰਹੀ ਅਤੇ ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਕੀਤਾ ਗਿਆ ਵਪਾਰ ਸਮਝੌਤਾ ਕਿਸਾਨੀ ਲਈ ਘਾਤਕ ਸਾਬਤ ਹੋਵੇਗਾ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਕਿਹਾ ਕੇਂਦਰ ਸਰਕਾਰ ਅਮਰੀਕਾ ਨਾਲ ਹੋਏ ਵਪਾਰ ਸਮਝੌਤੇ ਦੇ ਦਸਤਾਵੇਜ਼ ਜਨਤਕ ਕਰੇ।

# ਗ੍ਰਿਫਤਾਰੀ ਤੋਂ ਕੁਝ ਘੰਟਿਆਂ ਬਾਅਦ ਹੀ ਸ਼ਿਵਮ ਮਿਸ਼ਰਾ ਨੂੰ ਮਿਲੀ ਜ਼ਮਾਨਤ

**ਕਾਨਪੁਰ।** ਤੰਬਾਕੂ ਕਾਰੋਬਾਰੀ ਕੇ.ਕੇ. ਮਿਸ਼ਰਾ ਦੇ ਪੁੱਤਰ ਸ਼ਿਵਮ ਮਿਸ਼ਰਾ ਨੂੰ ਹਫਤੇ ਦੇ ਸ਼ੁਰੂ ਵਿੱਚ ਵੀਆਈਪੀ ਰੋਡ 'ਤੇ ਹੋਏ ਹਾਈ-ਪ੍ਰੋਫਾਈਲ ਲੈਂਬੋਰਗਿਨੀ ਹਾਦਸੇ ਦੇ ਸਬੰਧ ਵਿੱਚ ਗ੍ਰਿਫਤਾਰੀ ਤੋਂ ਕੁਝ ਘੰਟਿਆਂ ਬਾਅਦ ਕਾਨਪੁਰ ਅਦਾਲਤ ਤੋਂ ਜ਼ਮਾਨਤ ਮਿਲ ਗਈ ਹੈ।

ਗ੍ਰਿਫਤਾਰੀ ਤੋਂ ਬਾਅਦ ਪੁਲੀਸ ਨੇ ਸ਼ਿਵਮ ਨੂੰ ਸਵੇਰੇ 10 ਵਜੇ ਦੇ ਕਰੀਬ ਵਧੀਕ ਮੁੱਖ ਜੁਡੀਸ਼ੀਅਲ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕਰਕੇ ਉਸ ਦੀ ਨਿਆਂਇਕ ਹਿਰਾਸਤ ਦੀ ਮੰਗ ਕੀਤੀ ਸੀ। ਜ਼ਿਲ੍ਹਾ ਸਰਕਾਰੀ ਕੌਂਸਲ (ਕ੍ਰਾਈਮ) ਦਿਲੀਪ ਅਵਸਥੀ ਨੇ ਦੱਸਿਆ ਕਿ ਸ਼ਿਵਮ ਨੂੰ 20,000 ਰੁਪਏ ਦਾ ਜ਼ਮਾਨਤੀ ਬਾਂਡ ਭਰਨ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ। ਮੁਲਜ਼ਮ ਦੇ ਵਕੀਲ ਅਨੰਤ ਸ਼ਰਮਾ ਨੇ ਦੱਸਿਆ ਕਿ ਪੁਲੀਸ ਨੇ ਮਿਸ਼ਰਾ ਦੇ ਰਿਮਾਂਡ ਦੀ ਮੰਗ ਕਰਦਿਆਂ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ



ਸੀ, ਪਰ ਉਨ੍ਹਾਂ ਦਾਅਵਾ ਕੀਤਾ ਕਿ ਰਿਮਾਂਡ ਦੇ ਕਾਗਜ਼ਾਂ ਵਿੱਚ ਕਈ ਤਰੁੱਟੀਆਂ ਸਨ। ਜ਼ਿਕਰਯੋਗ ਹੈ ਕਿ ਕਾਨਪੁਰ ਦੀ ਵੀ.ਆਈ.ਪੀ. ਰੋਡ 'ਤੇ ਵਾਪਰੇ ਭਿਆਨਕ ਲੈਂਬੋਰਗਿਨੀ ਹਾਦਸੇ ਦੇ ਮਾਮਲੇ ਵਿੱਚ ਪੁਲੀਸ ਨੇ ਵੱਡੀ ਕਾਰਵਾਈ ਕਰਦਿਆਂ ਮਸ਼ਹੂਰ ਤੰਬਾਕੂ ਕਾਰੋਬਾਰੀ ਕੇ.ਕੇ. ਮਿਸ਼ਰਾ ਦੇ ਪੁੱਤਰ ਸ਼ਿਵਮ ਮਿਸ਼ਰਾ ਨੂੰ ਗ੍ਰਿਫ਼ਤਾਰ ਕੀਤਾ ਸੀ। ਇਹ ਹਾਦਸਾ ਚਾਰ ਦਿਨ ਪਹਿਲਾਂ ਵਾਪਰਿਆ ਸੀ, ਜਦੋਂ ਇੱਕ ਬੇਕਾਬੂ ਲੈਂਬੋਰਗਿਨੀ ਨੇ ਕਈ ਵਾਹਨਾਂ ਅਤੇ ਰਾਹਗੀਰਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ ਸੀ। ਇਸ ਹਾਦਸੇ ਵਿੱਚ ਕਈ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋਏ ਸਨ। ਹਾਦਸੇ ਤੋਂ ਬਾਅਦ ਲਗਜ਼ਰੀ ਕਾਰ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈਆਂ ਸਨ। ਜਿਸ ਤੋਂ ਬਾਅਦ ਪੁਲੀਸ ਲਗਾਤਾਰ ਇਸ ਮਾਮਲੇ ਵਿੱਚ ਜਾਂਚ ਕਰ ਰਹੀ ਸੀ।ਜਾਂਚ ਦੌਰਾਨ ਇਸ ਗੱਲ 'ਤੇ ਕਾਫ਼ੀ ਹੰਗਾਮਾ ਹੋਇਆ ਕਿ ਕਾਰ ਕੌਣ ਚਲਾ ਰਿਹਾ ਸੀ। ਸ਼ਿਵਮ ਦੇ ਪਰਿਵਾਰ ਅਤੇ ਵਕੀਲ ਨੇ ਦਾਅਵਾ ਕੀਤਾ ਸੀ ਕਿ ਕਾਰ ਮੋਹਨ ਨਾਮ ਦਾ ਡਰਾਈਵਰ ਚਲਾ ਰਿਹਾ ਸੀ। ਹਾਲਾਂਕਿ, ਪੁਲੀਸ ਨੇ ਸੀ.ਸੀ.ਟੀ.ਵੀ. ਫੁਟੇਜ ਅਤੇ ਚਸ਼ਮਦੀਦਾਂ ਦੇ ਬਿਆਨਾਂ ਦੇ ਅਧਾਰ 'ਤੇ ਇਹ ਸਪੱਸ਼ਟ ਕੀਤਾ ਕਿ ਹਾਦਸੇ ਵੇਲੇ ਸ਼ਿਵਮ ਮਿਸ਼ਰਾ ਹੀ ਡਰਾਈਵਰ ਸੀਟ 'ਤੇ ਮੌਜੂਦ ਸੀ। ਡਰਾਈਵਰ ਵੱਲੋਂ ਅਦਾਲਤ ਵਿੱਚ ਆਤਮ-ਸਮਰਪਣ ਕਰਨ ਦੀ ਕੋਸ਼ਿਸ਼ ਨੂੰ ਵੀ ਨਕਾਰ ਦਿੱਤਾ ਗਿਆ ਹੈ।

## ਅਦਾਕਾਰ ਸਲਮਾਨ ਖਾਨ ਦੇ ਜੀਜਾ ਆਯੂਸ਼ ਸ਼ਰਮਾ ਨੂੰ ਮਿਲੀ ਧਮਕੀ ਭਰੀ ਈਮੇਲ

**ਮੁੰਬਈ।** ਫਿਲਮੀ ਦੁਨੀਆ 'ਚ ਇੱਕ ਵਾਰ ਫਿਰ ਤੋਂ ਦਹਿਸ਼ਤ ਦਾ ਮਾਹੌਲ ਹੈ। ਅਦਾਕਾਰ ਸਲਮਾਨ ਖਾਨ ਦੇ ਜੀਜਾ ਅਤੇ ਅਦਾਕਾਰ ਆਯੂਸ਼ ਸ਼ਰਮਾ ਨੂੰ ਇੱਕ ਧਮਕੀ ਭਰੀ ਈਮੇਲ ਮਿਲੀ ਹੈ, ਜਿਸ ਵਿੱਚ ਭੇਜਣ ਵਾਲੇ ਨੇ ਆਪਣੇ ਆਪ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਦੱਸਿਆ ਹੈ।



ਹਾਲਾਂਕਿ ਇਸ ਮਾਮਲੇ ਵਿੱਚ ਅਜੇ ਤੱਕ ਕੋਈ ਸ਼ਿਕਾਇਤ ਦਰਜ ਨਹੀਂ ਹੋਈ ਹੈ ਪਰ ਮੁੰਬਈ ਪੁਲੀਸ ਨੇ ਮਾਮਲੇ ਨੂੰ ਦੇਖਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ ਹੈ।ਕਰਾਈਮ ਬ੍ਰਾਂਚ ਦੀਆਂ ਟੀਮਾਂ ਇਸ ਗੱਲ ਦੀ ਪੜਤਾਲ ਕਰ ਰਹੀਆਂ ਹਨ ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਅਦਾਕਾਰ ਰਣਵੀਰ ਸਿੰਘ ਨੂੰ ਵੀ ਵਟਸਐਪ 'ਤੇ ਧਮਕੀ ਭਰਿਆ ਵੌਇਸ ਨੋਟ ਮਿਲਿਆ ਸੀ, ਜਿਸ ਦੇ ਪਿੱਛੇ ਫਿਰੌਤੀ ਦੀ ਮੰਗ ਹੋਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਹਫ਼ਤੇ ਮਸ਼ਹੂਰ ਫਿਲਮ ਨਿਰਦੇਸ਼ਕ ਰੋਹਿਤ ਸ਼ੈੱਟੀ ਦੇ ਜੁਹੂ ਸਥਿਤ ਘਰ 'ਤੇ ਵੀ ਅਣਪਛਾਤੇ ਹਮਲਾਵਰ ਵੱਲੋਂ ਪੰਜ ਰਾਊਂਡ ਫਾਇਰਿੰਗ ਕੀਤੀ ਗਈ ਸੀ।

## ਅਮਰੀਕਾ: ਪੁਲਿਸ ਕਾਰ ਦੀ ਟੱਕਰ ਨਾਲ ਮਰੀ ਭਾਰਤੀ ਵਿਦਿਆਰਥਣ ਦੇ ਪਰਿਵਾਰ ਨੂੰ ਮਿਲੇਗਾ 262 ਕਰੋੜ ਰੁਪਏ ਮੁਆਵਜ਼ਾ

**ਅਮਰੀਕਾ।** ਅਮਰੀਕਾ ਦੇ ਸੀਏਟਲ ਸ਼ਹਿਰ ਵਿੱਚ ਪੁਲਿਸ ਗਸ਼ਤੀ ਵਾਹਨ ਦੀ ਟੱਕਰ ਨਾਲ ਜਾਨ ਗਵਾਉਣ ਵਾਲੀ 23 ਸਾਲਾ ਭਾਰਤੀ ਵਿਦਿਆਰਥਣ ਜਾਹਨਵੀ ਕੁੰਡਾਲਾ ਦੇ ਮਾਮਲੇ ਵਿੱਚ ਇੱਕ ਵੱਡਾ ਕਾਨੂੰਨੀ ਨਿਪਟਾਰਾ ਹੋਇਆ ਹੈ। ਸੀਏਟਲ ਪ੍ਰਸ਼ਾਸਨ ਨੇ ਜਾਹਨਵੀ ਦੇ ਪਰਿਵਾਰ ਨੂੰ 29 ਮਿਲੀਅਨ ਅਮਰੀਕੀ ਡਾਲਰ (ਲਗਭਗ ₹262 ਕਰੋੜ) ਦਾ ਮੁਆਵਜ਼ਾ ਦੇਣ ਲਈ ਸਹਿਮਤੀ ਜਤਾਈ ਹੈ। ਆਂਧਰਾ ਪ੍ਰਦੇਸ਼ ਦੇ ਕੁਰਨੂਲ ਦੀ ਰਹਿਣ ਵਾਲੀ ਜਾਹਨਵੀ ਦੀ ਜਨਵਰੀ 2023 ਵਿੱਚ ਹੋਈ ਮੌਤ ਨੇ ਭਾਰਤ ਅਤੇ ਅਮਰੀਕਾ ਦੋਵਾਂ ਦੇਸ਼ਾਂ ਵਿੱਚ ਵੱਡਾ ਰੋਸ ਪੈਦਾ ਕੀਤਾ ਸੀ।



**ਕਿਵੇਂ ਵਾਪਰਿਆ ਸੀ ਦਰਦ-ਨਾਕ ਹਾਦਸਾ?**

ਜਾਹਨਵੀ ਕੁੰਡਾਲਾ ਨੌਰਥਈਸਟਰਨ ਯੂਨੀਵਰਸਿਟੀ ਦੇ ਸੀਏਟਲ ਕੈਂਪਸ ਵਿੱਚ ਮਾਸਟਰਜ਼ ਦੀ ਪੜ੍ਹਾਈ ਕਰ ਰਹੀ ਸੀ। 23 ਜਨਵਰੀ, 2023 ਦੀ ਸ਼ਾਮ ਨੂੰ ਜਦੋਂ ਉਹ ਸੜਕ ਪਾਰ ਕਰ ਰਹੀ ਸੀ, ਤਾਂ ਸੀਏਟਲ ਪੁਲਿਸ ਦੇ ਅਧਿਕਾਰੀ ਕੇਵਿਨ ਡੇਵ ਨੇ ਉਸ ਨੂੰ ਆਪਣੀ ਤੇਜ਼ ਰਫ਼ਤਾਰ ਪੈਟਰੋਲਿੰਗ ਕਾਰ ਨਾਲ ਟੱਕਰ ਮਾਰ ਦਿੱਤੀ। ਜਾਂਚ ਮੁਤਾਬਕ, ਅਧਿਕਾਰੀ ਇੱਕ ਐਮਰਜੈਂਸੀ ਕਾਲ ਦਾ ਜਵਾਬ ਦੇਣ ਲਈ 40 ਕਿਲੋਮੀਟਰ ਦੀ ਸਪੀਡ ਜ਼ੋਨ ਵਿੱਚ ਲਗਭਗ 119 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਗੱਡੀ ਚਲਾ ਰਿਹਾ ਸੀ।


ਪੁਲਿਸ ਅਧਿਕਾਰੀ ਦੀ ਟਿੱਪਣੀ 'ਤੇ ਉੱਠਿਆ ਸੀ ਵਿਵਾਦ ਇਸ ਮਾਮਲੇ ਨੇ ਉਦੋਂ ਹੋਰ ਤੂਲ ਫੜਿਆ ਜਦੋਂ ਇੱਕ ਹੋਰ ਪੁਲਿਸ ਅਧਿਕਾਰੀ ਦੇ ਬਾਡੀ-ਕੈਮਰਾ ਫੁਟੇਜ ਸਾਹਮਣੇ ਆਈ। ਵੀਡੀਓ ਵਿੱਚ ਅਧਿਕਾਰੀ ਜਾਹਨਵੀ ਦੀ ਮੌਤ ਦਾ ਮਜ਼ਾਕ ਉਡਾਉਂਦਾ ਅਤੇ ਉਸ ਦੀ ਜ਼ਿੰਦਗੀ ਨੂੰ "ਸੀਮਤ ਮੁੱਲ" ਵਾਲੀ ਦੱਸਦਾ ਸੁਣਿਆ ਗਿਆ ਸੀ। ਉਸ ਨੇ ਹੱਸਦਿਆਂ ਕਿਹਾ ਸੀ ਕਿ ਪ੍ਰਸ਼ਾਸਨ ਨੂੰ ਸਿਰਫ਼ ਇੱਕ ਚੈੱਕ ਲਿਖਣਾ ਚਾਹੀਦਾ ਹੈ। ਇਸ ਅਸੰਵੇਦਨਸ਼ੀਲਤਾ ਵਿਰੁੱਧ ਭਾਰਤੀ ਭਾਈਚਾਰੇ ਨੇ ਅਮਰੀਕਾ ਵਿੱਚ ਭਾਰੀ ਵਿਰੋਧ ਪ੍ਰਦਰਸ਼ਨ ਕੀਤੇ ਸਨ।ਜਾਹਨਵੀ ਦੇ ਮਾਪਿਆਂ ਨੇ ਲਾਪਰਵਾਹੀ ਅਤੇ ਗਲਤ ਮੌਤ ਦਾ ਹਵਾਲਾ ਦਿੰਦੇ ਹੋਏ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਸੀ। ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਹੁਣ ਹੋਏ ਇਸ ਸਮਝੌਤੇ ਬਾਰੇ ਸੀਏਟਲ ਪ੍ਰਸ਼ਾਸਨ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਮੁਆਵਜ਼ਾ ਪਰਿਵਾਰ ਦੇ ਅਸਹਿ ਦੁੱਖ ਨੂੰ ਕੁਝ ਹੱਦ ਤੱਕ ਘੱਟ ਕਰੇਗਾ ਅਤੇ ਉਨ੍ਹਾਂ ਨੂੰ ਮਾਨਸਿਕ ਸ਼ਾਂਤੀ ਪ੍ਰਦਾਨ ਕਰੇਗਾ।


Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਬਠਿੰਡਾ ਅਦਾਲਤ ਨੇ ਬਲਾਤਕਾਰ ਦੇ ਦੋਸ਼ੀ ਥਾਣੇਦਾਰ ਗੁਰਵਿੰਦਰ ਸਿੰਘ ਨੂੰ ਸੁਣਾਈ ਉਮਰ ਕੈਦ ਦੀ ਸਜ਼ਾ

**ਬਠਿੰਡਾ ।** ਬਠਿੰਡਾ ਦੀ ਜ਼ਿਲ੍ਹਾ ਅਦਾਲਤ ਨੇ ਸੀ.ਆਈ.ਏ. ਦੇ ਥਾਣੇਦਾਰ ਗੁਰਵਿੰਦਰ ਸਿੰਘ ਨੂੰ ਬਲਾਤਕਾਰ ਦੇ ਇੱਕ ਮਾਮਲੇ ਵਿੱਚ ਬੁੱਧਵਾਰ ਨੂੰ ਉਮਰਕੈਦ ਦੀ ਸਜ਼ਾ ਸੁਣਾਈ ਹੈ ।



ਇਹ ਮਾਮਲਾ ਮਈ 2021 ਦਾ ਹੈ, ਜਿਸ ਦੀ ਸੁਣਵਾਈ ਪਿਛਲੇ ਚਾਰ ਸਾਲਾਂ ਤੋਂ ਚੱਲ ਰਹੀ ਸੀ।ਮੁੱਖ ਗਵਾਹ ਨੇ ਦੱਸਿਆ ਕਿ ਮਈ 2021 ਵਿੱਚ ਥਾਣੇਦਾਰ ਗੁਰਵਿੰਦਰ ਸਿੰਘ ਨੇ ਪੀੜਤ ਔਰਤ ਦੇ ਬੇਟੇ ਵਿਰੁੱਧ ਥਾਣਾ ਕੈਂਟ ਵਿੱਚ ਨਸ਼ਾ ਤਸਕਰੀ ਦਾ ਕੇਸ ਦਰਜ ਕੀਤਾ ਸੀ । ਇਸ ਤੋਂ ਬਾਅਦ ਉਸ ਨੇ ਔਰਤ 'ਤੇ ਸਰੀਰਕ ਸਬੰਧ ਬਣਾਉਣ ਲਈ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਗਵਾਹ ਅਨੁਸਾਰ ਥਾਣੇਦਾਰ ਨੇ ਪਹਿਲਾਂ 10 ਮਈ ਨੂੰ ਆਪਣੀ ਗੱਡੀ ਵਿੱਚ ਔਰਤ ਨਾਲ ਬਲਾਤਕਾਰ ਕੀਤਾ। ਅਗਲੇ ਦਿਨ ਰਾਤ ਨੂੰ ਉਹ ਔਰਤ ਦੇ ਘਰ ਪਹੁੰਚਿਆ ਅਤੇ ਜ਼ਬਰਦਸਤੀ ਸਬੰਧ ਬਣਾਉਣ ਦੀ ਕੋਸ਼ਿਸ਼ ਕੀਤੀ। ਔਰਤ ਦੇ ਸ਼ੋਰ ਮਚਾਉਣ 'ਤੇ ਉਸ ਦੇ ਪਰਿਵਾਰ ਵਾਲਿਆਂ ਅਤੇ ਪਿੰਡ ਵਾਸੀਆਂ ਨੇ ਥਾਣੇਦਾਰ ਨੂੰ ਮੌਕੇ 'ਤੇ ਹੀ ਫੜ ਲਿਆ ਅਤੇ ਥਾਣਾ ਨਥਾਣਾ ਪੁਲਿਸ ਦੇ ਹਵਾਲੇ ਕਰ ਦਿੱਤਾ।

ਇਸ ਤੋਂ ਬਾਅਦ ਥਾਣਾ ਨਥਾਣਾ ਪੁਲਿਸ ਨੇ ਗੁਰਵਿੰਦਰ ਸਿੰਘ ਵਿਰੁੱਧ ਬਲਾਤਕਾਰ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ। ਇਸ ਮਾਮਲੇ ਦੀ ਅਦਾਲਤ ਵਿੱਚ ਪਿਛਲੇ ਚਾਰ ਸਾਲਾਂ ਤੋਂ ਸੁਣਵਾਈ ਚੱਲ ਰਹੀ ਸੀ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਰਾਘਵ ਚੱਢਾ ਨੇ 'ਵਾਪਸ ਸੱਦਣ ਦਾ ਅਧਿਕਾਰ' ਕਾਨੂੰਨ ਲਿਆਉਣ ਦੀ ਮੰਗ ਕੀਤੀ




**ਨਵੀਂ ਦਿੱਲੀ :** ਆਮ ਆਦਮੀ ਪਾਰਟੀ (ਆਪ) ਦੇ ਸੰਸਦ ਮੈਂਬਰ ਰਾਘਵ ਚੱਢਾ ਨੇ ਬੁਧਵਾਰ ਨੂੰ 'ਰਾਈਟ ਟੂ ਰੀਕਾਲ' (ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਸੱਦਣ) ਵਿਧੀ ਲਾਗੂ ਕਰਨ ਦੀ ਮੰਗ ਕਰਦਿਆਂ ਦਲੀਲ ਦਿਤੀ ਕਿ ਵੋਟਰਾਂ ਕੋਲ ਇਹ ਸ਼ਕਤੀ ਹੋਣੀ ਚਾਹੀਦੀ ਹੈ ਕਿ ਜੇਕਰ ਉਨ੍ਹਾਂ ਵਲੋਂ ਚੁਣੇ ਨੁਮਾਇੰਦੇ ਕੰਮ ਕਰਨ 'ਚ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਅਪਣੇ ਪੰਜ ਸਾਲ ਦਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਹਟਾ ਦਿਤਾ ਜਾਵੇ।

ਸਿਫ਼ਰ ਕਾਲ ਦੌਰਾਨ ਇਹ ਮੁੱਦਾ ਉਠਾਉਂਦੇ ਹੋਏ ਉਨ੍ਹਾਂ ਕਿਹਾ ਕਿ ਭਾਰਤੀ ਨਾਗਰਿਕਾਂ ਨੂੰ ਸੰਸਦ ਮੈਂਬਰਾਂ ਅਤੇ ਵਿਧਾਨ ਸਭਾਵਾਂ ਦੇ ਮੈਂਬਰਾਂ (ਵਿਧਾਇਕਾਂ) ਦੀ ਚੋਣ ਕਰਨ ਦਾ ਸੰਵਿਧਾਨਕ ਅਧਿਕਾਰ ਹੈ, ਪਰ ਫਿਲਹਾਲ ਵੋਟਰਾਂ ਲਈ ਗੈਰ-ਕਾਰਗੁਜ਼ਾਰੀ ਜਾਂ ਦੁਰਵਿਵਹਾਰ ਦੇ ਆਧਾਰ ਉਤੇ ਉਨ੍ਹਾਂ ਨੂੰ ਹਟਾਉਣ ਦਾ ਕੋਈ ਸਿੱਧਾ ਪ੍ਰਬੰਧ ਨਹੀਂ ਹੈ।

ਉਨ੍ਹਾਂ ਨੇ ਕਿਹਾ ਕਿ 'ਰਾਈਟ ਟੂ ਰੀਕਾਲ' ਖਾਕਾ ਹਲਕਿਆਂ ਨੂੰ ਇਕ ਢਾਂਚਾਗਤ ਅਤੇ ਕਾਨੂੰਨੀ ਤੌਰ ਉਤੇ ਪਰਿਭਾਸ਼ਿਤ ਪ੍ਰਕਿਰਿਆ ਦੇ ਮਾਧਿਅਮ ਨਾਲ ਚੁਣੇ ਹੋਏ ਪ੍ਰਤੀਨਿਧੀ ਨੂੰ ਹਟਾਉਣ ਦੇ ਲਈ ਇਕ ਰਸਮੀ ਪ੍ਰਕਿਰਿਆ ਸ਼ੁਰੂ ਕਰਨ ਦੀ ਇਜਾਜ਼ਤ ਦੇਵੇਗਾ। ਉਨ੍ਹਾਂ ਨੇ ਕਿਹਾ ਕਿ ਭਾਰਤ ਪਹਿਲਾਂ ਹੀ ਰਾਸ਼ਟਰਪਤੀ, ਉਪ ਰਾਸ਼ਟਰਪਤੀ ਅਤੇ ਜੱਜਾਂ ਦੇ ਮਹਾਂਦੋਸ਼ ਦੀ ਵਿਵਸਥਾ ਕਰਦਾ ਹੈ ਅਤੇ ਸਰਕਾਰਾਂ ਵਿਰੁਧ ਅਵਿਸ਼ਵਾਸ ਪ੍ਰਸਤਾਵ ਦੀ ਇਜਾਜ਼ਤ ਦਿੰਦਾ ਹੈ। ਉਨ੍ਹਾਂ ਕਿਹਾ ਕਿ ਵਿਅਕਤੀਗਤ ਵਿਧਾਇਕਾਂ ਲਈ ਇਸੇ ਤਰ੍ਹਾਂ ਦੇ ਜਵਾਬਦੇਹੀ ਸਿਧਾਂਤ ਦਾ ਵਿਸਥਾਰ ਕਰਨਾ ਲੋਕਤੰਤਰੀ ਨਿਗਰਾਨੀ ਨੂੰ ਮਜ਼ਬੂਤ ਕਰੇਗਾ।

# ਅੰਮ੍ਰਿਤਸਰ ਪੁਲਿਸ ਨੂੰ ਮਿਲੀ ਵੱਡੀ ਸਫ਼ਲਤਾ, 7 ਕਿਲੋ ਤੋਂ ਵੱਧ ਹੈਰੋਇਨ ਸਮੇਤ 2 ਕਾਬੂ



**ਅੰਮ੍ਰਿਤਸਰ:** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ। ਪੁਲਿਸ ਨੇ ਇੱਕ ਵੱਡੇ ਸਰਹੱਦ ਪਾਰ ਨਾਰਕੋ-ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ ਅਤੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕਾਰਵਾਈ ਦੌਰਾਨ, ਪੁਲਿਸ ਨੇ 7 ਕਿਲੋ 630 ਗ੍ਰਾਮ ਹੈਰੋਇਨ ਅਤੇ 21,800 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ। ਜ਼ਬਤ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੋੜਾਂ ਰੁਪਏ ਦੱਸੀ ਜਾ ਰਹੀ ਹੈ।ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੁਬਈ ਸਥਿਤ ਇੱਕ ਹੈਂਡਲਰ ਦੇ ਸੰਪਰਕ ਵਿੱਚ ਸਨ। ਇਹ ਸੰਪਰਕ ਆਪਣੀ ਪਛਾਣ ਛੁਪਾਉਣ ਲਈ ਵਰਚੁਅਲ ਨੰਬਰਾਂ ਰਾਹੀਂ ਕੀਤਾ ਗਿਆ ਸੀ। ਜਾਂਚ ਵਿੱਚ ਪਤਾ ਲੱਗਾ ਹੈ ਕਿ ਦੁਬਈ ਸਥਿਤ ਇਹ ਹੈਂਡਲਰ ਸਰਹੱਦ ਪਾਰ ਤੋਂ ਹੈਰੋਇਨ ਦੀ ਖੇਪ ਪ੍ਰਾਪਤ ਕਰਨ, ਪਿਕਅੱਪ ਸਥਾਨਾਂ ਦਾ ਪ੍ਰਬੰਧ ਕਰਨ ਅਤੇ ਸਪਲਾਈ ਚੇਨ ਨੂੰ ਨਿਰਦੇਸ਼ਤ ਕਰਨ ਲਈ ਜ਼ਿੰਮੇਵਾਰ ਸੀ।ਪੁਲਿਸ ਦੇ ਅਨੁਸਾਰ, ਇਹ ਹੈਂਡਲਰ ਕਈ ਹੋਰ ਡਰੱਗ ਨੈੱਟਵਰਕਾਂ ਵਿੱਚ ਵੀ ਸ਼ਾਮਲ ਹੈ ਅਤੇ 43 ਕਿਲੋ ਹੈਰੋਇਨ ਜ਼ਬਤ ਕਰਨ ਵਾਲੇ ਇੱਕ ਵੱਡੇ 'ਧਫਸ਼ ਮਾਮਲੇ ਵਿੱਚ ਫਸਿਆ ਹੋਇਆ ਹੈ। NDPS ਐਕਟ ਦੇ ਤਹਿਤ ਇੱਕ ਕੇਸ ਦਰਜ ਕੀਤਾ ਗਿਆ ਹੈ, ਅਤੇ ਨੈੱਟਵਰਕ ਦੀ ਡੂੰਘਾਈ ਨਾਲ ਜਾਂਚ ਚੱਲ ਰਹੀ ਹੈ।ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ 'ਧਫਸ਼ ਐਕਟ ਦੇ ਤਹਿਤ ਇੱਕ ਢ੍ਰ ਦਰਜ ਕੀਤੀ ਗਈ ਹੈ। ਪੁਲਿਸ ਹੁਣ ਪੂਰੇ ਰੈਕੇਟ ਦਾ ਪਰਦਾਫਾਸ਼ ਕਰਨ ਅਤੇ ਇਸ ਵਿੱਚ ਸ਼ਾਮਲ ਹੋਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਨੈੱਟਵਰਕ ਦੇ ਅੱਗੇ ਅਤੇ ਪਿੱਛੇ ਦੇ ਲਿੰਕਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

# ਦੂਰਦਰਸ਼ਨ ਦੀ ਸਾਬਕਾ ਨਿਊਜ਼ ਐਂਕਰ ਸਰਲਾ ਮਹੇਸ਼ਵਰੀ ਦਾ ਦਿਹਾਂਤ



**ਨਵੀਂ ਦਿੱਲੀ।** ਦੂਰਦਰਸ਼ਨ ਦੀ ਸਾਬਕਾ ਨਿਊਜ਼ ਐਂਕਰ ਸਰਲਾ ਮਹੇਸ਼ਵਰੀ ਦਾ ਵੀਰਵਾਰ ਨੂੰ ਇੱਥੇ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰਕ ਦੋਸਤ ਸ਼ੰਮੀ ਨਾਰੰਗ ਨੇ ਇਹ ਜਾਣਕਾਰੀ ਦਿੱਤੀ। ਮਹੇਸ਼ਵਰੀ 71 ਸਾਲ ਦੀ ਸੀ ਅਤੇ 1980 ਅਤੇ 1990 ਦੇ ਦਹਾਕੇ ਵਿੱਚ ਟੀਵੀ ਨਿਊਜ਼ ਜਗਤ ਦੇ ਸਭ ਤੋਂ ਜਾਣੇ-ਪਛਾਣੇ ਚਿਹਰਿਆਂ ਵਿੱਚੋਂ ਇੱਕ ਸੀ। ਉਨ੍ਹਾਂ ਨੇ 1976 ਤੋਂ 2005 ਤੱਕ ਦੂਰਦਰਸ਼ਨ 'ਤੇ ਨਿਊਜ਼ ਐਂਕਰ ਵਜੋਂ ਕੰਮ ਕੀਤਾ। ਮਹੇਸ਼ਵਰੀ ਉਸ ਸਮੇਂ ਦੂਰਦਰਸ਼ਨ 'ਤੇ ਇੱਕ ਮਸ਼ਹੂਰ ਨਿਊਜ਼ ਐਂਕਰ ਸੀ ਜਦੋਂ ਪ੍ਰਸਾਰਣ ਦਿਨ ਵਿੱਚ ਸਿਰਫ ਕੁਝ ਘੰਟਿਆਂ ਤੱਕ ਸੀਮਤ ਸੀ।ਨਾਰੰਗ ਨੇ ਯ ਅਤੇ ਇੰਸਟਾਗ੍ਰਾਮ 'ਤੇ ਖ਼ਬਰ ਪੋਸਟ ਕੀਤੀ।ਨਾਰੰਗ ਨੇ ਕਿਹਾ, "ਮੈਨੂੰ ਦੂਰਦਰਸ਼ਨ 'ਤੇ ਆਪਣੀ ਸਾਬਕਾ ਸਹਿ-ਨਿਊਜ਼ ਐਂਕਰ ਸਰਲਾ ਮਹੇਸ਼ਵਰੀ ਦੇ ਦੇਹਾਂਤ ਬਾਰੇ ਦੱਸਦਿਆਂ ਬਹੁਤ ਦੁੱਖ ਹੋ ਰਿਹਾ ਹੈ।" ਉਨ੍ਹਾਂ ਮਹੇਸ਼ਵਰੀ ਨੂੰ "ਕਿਰਪਾ ਅਤੇ ਨਿਮਰਤਾ ਦੀ ਮੂਰਤੀ" ਵਜੋਂ ਯਾਦ ਕੀਤਾ।ਨਾਰੰਗ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕੀਤਾ, "ਮੈਨੂੰ ਇਹ ਦੱਸਦੇ ਹੋਏ ਬਹੁਤ ਦੁੱਖ ਹੋ ਰਿਹਾ ਹੈ ਕਿ ਦੂਰਦਰਸ਼ਨ 'ਤੇ ਮੇਰੀ ਸਾਬਕਾ ਸਹਿ-ਨਿਊਜ਼ ਪੇਸ਼ਕਾਰ, ਸਰਲਾ ਮਹੇਸ਼ਵਰੀ ਦਾ ਦੇਹਾਂਤ ਹੋ ਗਿਆ ਹੈ... ਉਹ ਨਾ ਸਿਰਫ਼ ਦਿੱਖ ਵਿੱਚ ਸੁੰਦਰ ਸੀ, ਸਗੋਂ ਦਿਲੋਂ ਵੀ ਉਦਾਰ ਸੀ, ਭਾਸ਼ਾ 'ਤੇ ਸ਼ਾਨਦਾਰ ਪਕੜ ਸੀ, ਅਤੇ ਗਿਆਨ ਦਾ ਖਜ਼ਾਨਾ ਸੀ।"

ਉਨ੍ਹਾਂ ਅੱਗੇ ਕਿਹਾ, "ਦੂਰਦਰਸ਼ਨ ਦੀ ਸਕਰੀਨ 'ਤੇ ਉਨ੍ਹਾਂ ਦੀ ਮੌਜੂਦਗੀ ਦਾ ਇੱਕ ਵਿਲੱਖਣ ਪ੍ਰਭਾਵ ਪਿਆ। ਉਹ ਸਾਰਿਆਂ ਦਾ ਸਤਿਕਾਰ ਕਰਦੀਆਂ ਸਨ ਅਤੇ ਉਹ ਜਿਸ ਵੀ ਖੇਤਰ ਦਾ ਹਿੱਸਾ ਸੀ, ਉਸ ਨੂੰ ਇੱਕ ਨਵੀਂ ਦਿਸ਼ਾ ਦਿੰਦੀਆਂ ਸਨ।"

ਰਿਪੋਰਟਾਂ ਅਨੁਸਾਰ, ਮਹੇਸ਼ਵਰੀ ਦਿੱਲੀ ਯੂਨੀਵਰਸਿਟੀ ਤੋਂ ਆਪਣੀ ਪੀਐਚਡੀ ਪੂਰੀ ਕਰਨ ਤੋਂ ਬਾਅਦ ਜਨਤਕ ਪ੍ਰਸਾਰਕ ਦੂਰਦਰਸ਼ਨ ਵਿੱਚ ਸ਼ਾਮਲ ਹੋਈ। ਆਪਣੇ ਤਿੰਨ ਦਹਾਕੇ ਦੇ ਕਰੀਅਰ ਵਿੱਚ, ਮਹੇਸ਼ਵਰੀ ਨੇ ਟੈਲੀਵਿਜ਼ਨ ਖ਼ਬਰਾਂ ਦੇ ਕਾਲੇ ਅਤੇ ਚਿੱਟੇ ਤੋਂ ਰੰਗ ਵਿੱਚ ਤਬਦੀਲੀ ਦੇਖੀ।

ਦੂਰਦਰਸ਼ਨ ਨੈਸ਼ਨਲ ਨੇ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, "ਦੂਰਦਰਸ਼ਨ ਪਰਿਵਾਰ ਵੱਲੋਂ, ਸ਼੍ਰੀਮਤੀ ਸਰਲਾ ਮਹੇਸ਼ਵਰੀ ਨੂੰ ਦਿਲੋਂ ਸ਼ਰਧਾਂਜਲੀ। ਉਹ ਇੱਕ ਸਤਿਕਾਰਯੋਗ ਅਤੇ ਸਤਿਕਾਰਯੋਗ ਦੂਰਦਰਸ਼ਨ ਨਿਊਜ਼ ਰੀਡਰ ਸੀ, ਜਿਸਨੇ ਆਪਣੀ ਸੁਰੀਲੀ ਆਵਾਜ਼, ਸਟੀਕ ਉਚਾਰਨ ਅਤੇ ਸਨਮਾਨਜਨਕ ਡਿਲੀਵਰੀ ਨਾਲ ਭਾਰਤੀ ਨਿਊਜ਼ ਜਗਤ ਵਿੱਚ ਆਪਣੇ ਲਈ ਇੱਕ ਵਿਸ਼ੇਸ਼ ਸਥਾਨ ਬਣਾਇਆ।

ਉਸਦੀ ਸਾਦਗੀ, ਸੰਜਮ ਅਤੇ ਸ਼ਖਸੀਅਤ ਨੇ ਉਸਨੂੰ ਆਪਣੇ ਦਰਸ਼ਕਾਂ ਦੇ ਦਿਲਾਂ ਵਿੱਚ ਡੂੰਘਾ ਵਿਸ਼ਵਾਸ ਦਿਵਾਇਆ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

| PLUMBING : - | ELECTRICIAN :- | MASONRY WORK: - | CARPENTRY: - |
|---|---|---|---|
| Repairs/Replacement of Bathrooms accessories (sink, taps, tubs, showers, Toilets etc. | Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc. | Plastering, skimming, Brick Work, Slabs Lying, Drive Ways, Roof maintenance etc. | Laminate Flooring, Fencing, Flat Packs Assembling, Doors repairing/ replacing, Skirting, Decking, Selves making etc. |

For more information please contact at www.checkatrade.com
Chander Consultants Limited, London, UK 07488841161

# ਜ਼ਿਲ੍ਹੇ ਦੇ ਬੀ ਪੀ ਈ ਓਜ ਤੇ ਸੈਂਟਰ ਹੈੱਡ ਟੀਚਰ ਦੀ ਇੱਕ ਰੋਜ਼ਾ ਵਰਕਸ਼ਾਪ ਆਯੋਜਿਤ

**ਕਪੂਰਥਲਾ, ( ਵਿਸ਼ੇਸ਼ ਪ੍ਰਤੀਨਿਧ)–** ਪੰਜਾਬ ਰਾਜ ਖੋਜ ਪ੍ਰੀਸ਼ਦ ਚੰਡੀਗੜ੍ਹ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਦੀ ਸਹਾਇਤਾ ਨਾਲ ਤੀਸਰੀ ਤੋਂ ਲੈ ਕੇ ਪੰਜਵੀਂ ਜਮਾਤ ਤੱਕ ਦੇ ਸਿਲੇਬਸ ਦੀ ਕਾਰਜਸ਼ੀਲਤਾ ਨੂੰ ਹੋਰ ਵਧੀਆ ਕਰਦੇ ਹੋਏ ਅਤੇ ਬੱਚਿਆਂ ਨੂੰ ਸਮੇਂ ਦੀ ਹਾਣੀ ਬਣਾਉਂਦੇ ਹੋਏ, ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀ ਮਤੀ ਮਮਤਾ ਬਜਾਜ ਜੀ,ਉੱਪ ਜ਼ਿਲ੍ਹਾ ਸਿੱਖਿਆ ਅਧਿਕਾਰੀ ਡਾਕਟਰ ਬਲਵਿੰਦਰ ਸਿੰਘ ਬੱਟੂ ਜੀ,ਜ਼ਿਲ੍ਹਾ ਰਿਸੋਰਸ ਕੋਆਡੀਨੇਟਰ ਹਰਮਿੰਦਰ ਸਿੰਘ ਜੀ ਦੀ ਯੋਗ ਅਗਵਾਈ ਹੇਠ ਜ਼ਿਲ੍ਹੇ ਦੇ ਬੀ ਪੀ ਈ ਓਜ ਤੇ ਸੈਂਟਰ ਹੈੱਡ ਟੀਚਰ ਦੀ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਰਿਸੋਰਸ ਪਰਸਨ ਦੇ ਤੌਰ ਤੇ ਪਵਨ ਕੁਮਾਰ ਜੋਸ਼ੀ, ਜੋਗਿੰਦਰ ਸਿੰਘ ਹਰਮਿੰਦਰ ਸਿੰਘ ਜੋਸਨ ਜ਼ਿਲ੍ਹਾ ਕੋਆਰਡੀਨੇਟਰ ਨੇ ਮਿਸ਼ਨ ਸਮੱਰਥ 4.0 ਦੀ ਅਸੈਸਮੈਂਟ, ਸਕੂਲ ਮੁਖੀ



ਦੀਆਂ ਜ਼ਿਮੇਵਾਰੀਆਂ, ਜਮਾਤਵਾਰ ਨਿਰੀਖਣ, ਗਰੁੱਪਿੰਗ, ਟੈਸਟਿੰਗ ਦੇ ਅੰਕੜਿਆਂ,ਅਧਿਕਾਰੀਆਂ ਦੁਆਰਾ ਮੋਨੀਟਰਿੰਗ ਦੀ ਰੂਪ ਰੇਖਾ ਬਾਰੇ ਯੋਜਨਾਬੰਦੀ, ਟੈਸਟਿੰਗ ਦੇ ਪ੍ਰੋਸੈੱਸ, ਸੰਬੰਧੀ ਵਿਸਥਾਰਪੂਰਵਕ ਸਿਖਲਾਈ ਦਿੱਤੀ ਗਈ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ ਮਮਤਾ ਬਜਾਜ ਨੇ ਸ਼ਿਰਕਤ ਕੀਤੀ। ਉਹਨਾਂ ਨੇ ਵਰਕਸ਼ਾਪ ਵਿੱਚ ਹਾਜ਼ਰ ਸਮੂਹ ਬੀ ਪੀ ਈ ਓਜ਼ ਤੇ ਸੈਂਟਰ ਹੈੱਡ ਟੀਚਰਜ਼ ਨੂੰ ਜਿੱਥੇ ਮਿਸ਼ਨ ਸਮੱਰਥ 4.0 ਨੂੰ ਨਵੇਂ ਸੈਸ਼ਨ ਤੋਂ ਪੂਰਨ ਤੌਰ ਤੇ ਜ਼ਮੀਨੀ ਪੱਧਰ ਤੇ ਲਾਗੂ ਕਰਨ ਦੀ ਹਿਦਾਇਤ ਕਰਦੇ ਹੋਏ ਸਵੇਰ ਦੀ ਸਭਾ, ਪੇਪਰਾਂ ਦੀ ਤਿਆਰੀ, ਮਿੱਡ ਡੇ ਮੀਲ, ਕਿਚਨ ਸ਼ੈਡ ਅਤੇ ਰਸੋਈ ਦੀ ਸਾਫ ਸਫਾਈ, ਗ੍ਰਾਂਟਾਂ ਖਰਚਣ, ਕੈਸ਼ ਬੁੱਕ ਮੇਨਟੇਨ ਕਰਨ, ਛੁੱਟੀਆਂ ਪੋਰਟਲ ਤੇ ਅੱਪਲੋਡ ਕਰਨ, ਵਿਭਾਗ ਦੀਆਂ ਹਦਾਇਤਾਂ ਅਨੁਸਾਰ ਪ੍ਰੀ ਪ੍ਰਾਇਮਰੀ ਜਮਾਤਾਂ ਦੀਆਂ ਨਿਰੰਤਰ ਗਤੀਵਿਧੀਆਂ ਕਰਵਾਉਣ, ਪ੍ਰੀ ਪ੍ਰਾਇਮਰੀ ਅਤੇ ਐੱਫ ਐੱਲ ਐੱਨ ਕਿੱਟ ਪ੍ਰਦਰਸ਼ਿਤ ਕਰਨ, ਅਧਿਆਪਕ ਡਾਇਰੀਆਂ ਲਗਾਤਾਰ ਲਿਖਣ, ਸੀ ਸੀ ਈ ਦੇ ਨੰਬਰ ਪੋਰਟਲ ਤੇ ਅੱਪਲੋਡ ਕਰਨ ਸੰਬੰਧੀ ਆਖਿਆ। ਇਸ ਮੌਕੇ ਤੇ ਸੰਜੀਵ ਕੁਮਾਰ ਹਾਂਡਾਂ ਬੀ ਪੀ ਈ ਓ, ਜੈਮਲ ਸਿੰਘ, ਸੰਤੋਖ ਸਿੰਘ ਮੱਲ੍ਹੀ, ਅਜੀਤ ਸਿੰਘ, ਬਲਬੀਰ ਸਿੰਘ, ਜਸਪ੍ਰੀਤ ਕੌਰ, ਆਦਿ ਸਮੂਹ ਸੀ ਐੱਚ ਟੀਜ਼ ਹਾਜ਼ਰ ਸਨ।

# ਟੈਲੀਫਿਲਮ ਦਾ ਨਾਂ ਬਦਲਣ ਦਾ ਕੀਤਾ ਸਵਾਗਤ



**ਡੇਰਾਬੱਸੀ, ਸੰਜੀਵ ਸਿੰਘ ਸੈਣੀ।** ਰਾਸ਼ਟਰੀ ਹਿੰਦੂ ਸ਼ਕਤੀ ਸੰਗਠਨ ਦੇ ਰਾਸ਼ਟਰੀ ਉਪ ਪ੍ਰਧਾਨ, ਪੰਜਾਬ ਭਾਜਪਾ ਆਗੂ ਅਤੇ ਡੇਰਾਬੱਸੀ ਬ੍ਰਾਹਮਣ ਸਭਾ ਦੇ ਪ੍ਰਧਾਨ, ਰਵਿੰਦਰ ਵੈਸ਼ਨਵ ਨੇ ਸੁਪਰੀਮ ਕੋਰਟ ਦੇ ਨੈੱਟਫਲਿਕਸ 'ਤੇ ਪ੍ਰਸਾਰਿਤ ਹੋਣ ਵਾਲੀ ਵਿਵਾਦਤ ਟੈਲੀਫਿਲਮ ਦਾ ਨਾਮ "ਰਿਸ਼ਵਤਖੋਰ ਪੰਡਿਤ" ਤੋਂ ਬਦਲਣ ਦੇ ਫੈਸਲੇ ਦਾ ਸਵਾਗਤ ਕੀਤਾ। ਯਾਦ ਰਹੇ ਕਿ ਕੁਝ ਦਿਨ ਪਹਿਲਾਂ ਹੀ ਬ੍ਰਾਹਮਣ ਸਭਾ ਦੇ ਪ੍ਰਧਾਨ ਰਵਿੰਦਰ ਵੈਸ਼ਨਵ, ਸਾਬਕਾ ਜਨਰਲ ਸਕੱਤਰ ਨਰਿੰਦਰ ਮੋਹਨ ਸ਼ਰਮਾ ਅਤੇ ਭਾਜਪਾ ਮੰਡਲ ਪ੍ਰਧਾਨ ਪਵਨ ਧੀਮਾਨ ਪੰਮਾ ਨੇ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੀ ਇੱਕ ਮੀਟਿੰਗ ਵਿੱਚ ਇੱਕ ਮਤਾ ਪਾਸ ਕੀਤਾ ਸੀ ਜਿਸ ਵਿੱਚ ਟੈਲੀਫਿਲਮ ਦਾ ਨਾਮ ਬਦਲਣ ਦੀ ਮੰਗ ਕੀਤੀ ਗਈ ਸੀ। ਸ਼੍ਰੀ ਰਵਿੰਦਰ ਵੈਸ਼ਨਵ ਨੇ ਸੁਪਰੀਮ ਕੋਰਟ ਦੇ ਆਦੇਸ਼ ਦਾ ਸਵਾਗਤ ਕੀਤਾ ਅਤੇ ਡੇਰਾਬੱਸੀ ਦੇ ਹੋਰ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦਾ ਇਸ ਮੁੱਦੇ 'ਤੇ ਸਮਰਥਨ ਕਰਨ ਲਈ ਧੰਨਵਾਦ ਕੀਤਾ। ਸ਼੍ਰੀ ਰਵਿੰਦਰ ਵੈਸ਼ਨਵ, ਜੋ ਕਿ ਬ੍ਰਾਹਮਣ ਸਭਾ 359 ਡੇਰਾਬੱਸੀ ਦੇ ਪ੍ਰਧਾਨ ਅਤੇ ਪੰਜਾਬ ਬ੍ਰਾਹਮਣ ਸਭਾ ਦੇ ਉਪ ਪ੍ਰਧਾਨ ਵੀ ਹਨ, ਨੇ ਕਿਹਾ ਕਿ ਪ੍ਰਗਟਾਵੇ ਦੀ ਆਜ਼ਾਦੀ ਦਾ ਮਤਲਬ ਕਿਸੇ ਜਾਤੀ ਦਾ ਨਾਮ ਉਸ ਜਾਤੀ ਦੇ ਨਾਮ 'ਤੇ ਰੱਖ ਕੇ ਉਸ ਨੂੰ ਨੀਵਾਂ ਦਿਖਾਉਣਾ ਨਹੀਂ ਹੋਣਾ ਚਾਹੀਦਾ।

**ਰਵਿੰਦਰ ਵੈਸ਼ਨਵ**
**ਪ੍ਰਧਾਨ ਬ੍ਰਾਹਮਣ ਸਭਾ 359, ਭਗਵਾਨ ਪਰਸ਼ੂਰਾਮ ਭਵਨ, ਸਰਸਵਤੀ ਵਿਹਾਰ ਕਲੋਨੀ, ਡੇਰਾਬੱਸੀ।**

# ਟੈਕਨੀਕਲ ਸਰਵਿਸ ਯੂਨੀਅਨ ਬਿਜਲੀ ਮੁਲਾਜ਼ਮਾਂ ਵੱਲੋਂ ਕੀਤੀ ਮੁਕੰਮਲ ਹੜਤਾਲ

## ਕਾਲੇ ਕਾਨੂੰਨ ਲੋਕਾਂ ਨੂੰ ਲੈ ਬੈਠਣਗੇ – ਸੰਦੀਪ ਅਰੋੜਾ



**ਮਹਿਤਪੁਰ ( ਹਰਜਿੰਦਰ ਸਿੰਘ ਚੰਦੀ)** –ਅੱਜ ਦੇਸ਼ ਵਿਆਪੀ ਹੜਤਾਲ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਸਮਰਥਨ ਤਹਿਤ ਅੱਜ ਮਹਿਤਪੁਰ ਵਿਖੇ ਬਿਜਲੀ ਮੁਲਾਜਮਾ ਦੀ ਜੱਥੇਬੰਦੀ ਟੈਕਨੀਕਲ ਸਰਵਿਸ ਯੂਨੀਅਨ ਸਬ ਡਵੀਜ਼ਨ ਵੱਲੋਂ ਮੁਕੰਮਲ ਤੌਰ ਤੇ ਹੜਤਾਲ ਕੀਤੀ। ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੀਆਂ ਜੱਥੇਬੰਦੀਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਸੰਦੀਪ ਅਰੋੜਾ, ਭਾਰਤੀ ਕਿਸਾਨ ਯੂਨੀਅਨ ਖਹਿਰਾ ਦੇ ਸੂਬਾ ਪ੍ਰਧਾਨ ਕੇਵਲ ਸਿੰਘ ਖਹਿਰਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਿਲਾ ਪ੍ਰਧਾਨ ਸਤਨਾਮ ਸਿੰਘ ਲੋਹਗੜ੍ਹ, ਜਨਰਲ ਮਜਦੂਰ ਸਭਾ ਦੇ ਜਿਲਾ ਪ੍ਰਧਾਨ ਸਿਕੰਦਰ ਸੰਧੂ, ਭੱਠਾ ਵਰਕਰ ਯੂਨੀਅਨ ਦੇ ਸੁਨੀਲ ਕੁਮਾਰ ਦੀ ਅਗਵਾਈ ਹੇਠ ਸ਼ਮੂਲੀਅਤ ਕੀਤੀ ਇਸ ਮੌਕੇ ਵੱਖ ਵੱਖ ਬੁਲਾਰਿਆ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਤੇ ਕੇਂਦਰ ਸਰਕਾਰ ਆਪਣੇ ਹੀ ਦੇਸ਼ ਦੇ ਲੋਕਾਂ ਕੋਲੋਂ ਵੋਟਾਂ ਵਟੋਰ ਕੇ ਰਾਜ ਗੱਦੀਆਂ ਉਪਰ ਬੈਠਦਿਆਂ ਹੀ ਕਾਰਪੋਰੇਟ ਘਰਾਣਿਆਂ ਤੇ ਵਿਦੇਸ਼ੀ ਹਾਕਮਾਂ ਨੂੰ ਫਾਇਦਾ ਪਹੁੰਚਾਉਣ ਲਈ ਵੱਖ ਵੱਖ ਤਰ੍ਹਾਂ ਦੇ ਕਾਨੂੰਨ ਪਾਸ ਤੇ ਅਮਰੀਕਾ ਵਰਗੇ ਦੇਸ਼ਾਂ ਨਾਲ ਵਪਾਰਕ ਸਮਝੋਤੇ ਕਰ ਰਹੇ ਹਨ। ਜਿਸ ਨਾਲ ਜਿਥੇ ਦੇਸ਼ ਦੀ ਕਿਸਾਨੀ ਪ੍ਰਭਾਵਿਤ ਹੋਵੇਗੀ ਉਸ ਨਾਲ ਵਰਗ ਜਿਵੇਂ ਕਿਸਾਨ ਦੇ ਨਾਲ ਆੜਤੀਆ,ਮਜਦੂਰ,ਦੁਕ-ਾਨਦਾਰ,ਆਦਿ ਤੇ ਮਾੜਾ ਪ੍ਰਭਾਵ ਪਵੇਗਾ ਜਦੋਂ ਸਾਡੀ ਫ਼ਸਲ ਤੇ ਅਨਾਜ਼ ਉਪਰ 18 ਪ੍ਰਤੀਸ਼ਿਤ ਟੈਕਸ ਲੱਗੇਗਾ ਤੇ ਵਿਦੇਸ਼ੀ ਚੀਜ਼ਾਂ ਤੇ ਟੈਕਸ ਮੁਆਫ਼ ਹੋਵੇਗਾ ਤਾਂ ਸੁਭਾਵਿਕ ਹੈ ਉਹ ਸਾਡੇ ਨਾਲੋਂ ਸਸਤਾ ਕਰਕੇ ਵੇਚਣਗੇ ਫ਼ਿਰ ਸਾਡੀ ਫ਼ਸਲ ਤੇ ਅਨਾਜ਼ ਕੋਣ ਖਰੀਦੇਗਾ ਇਸ ਨਾਲ ਸਾਡੇ ਦੇਸ਼ ਦਾ ਕਿਸਾਨ ਬਰਬਾਦ ਹੋ ਜਾਵੇਗਾ ਦੂਸਰੇ ਪਾਸੇ ਸੂਬਾ ਸਰਕਾਰ ਵੱਲੋਂ ਲਾਏ ਜਾ ਰਹੇ ਚਿੱਪ ਵਾਲੇ ਮੀਟਰ ਲੋਕਾਂ ਦਾ ਕਚੂਮਰ ਕੱਢ ਦੇਣਗੇ। ਵੱਖ ਵੱਖ ਕੰਪਨੀਆਂ ਨੂੰ ਵੰਡ ਨਾਲ ਸਾਡਾ ਮੁਲਾਜ਼ਮ ਵਰਗ ਵੇਹਲਾ ਹੋ ਜਾਵੇਗਾ ਤੇ ਸਾਡੀ ਜਇਦ-ਾਦ ਜਿਸ ਉਪਰ ਸਾਡਾ ਪੈਸਾ ਲੱਗਕੇ ਬਿਜਲੀ ਬੋਰਡ ਬਣਾਇਆ ਗਿਆ ਹੈ। ਉਹ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤੀ ਜਾਵੇਗੀ ਤੇ ਉਸ ਉਪਰ ਵੱਡੇ ਵੱਡੇ ਮੋਲ ਉਸਾਰਨਗੇ ਜਿਸ ਨਾਲ ਛੋਟਾ ਕਾਰੋਬਾਰੀ ਬਰਬਾਦ ਹੋ ਜਾਵੇਗਾ ਆਗੂਆਂ ਕਿਹਾ ਕਿ ਸ਼ੁਰੂ ਤੋਂ ਜਬਰ ਦੇ ਖਿਲਾਫ਼ ਲੜਨ ਵਾਲੇ ਗੁਰੂਆਂ ਪੀਰਾਂ ਸ਼ਹੀਦਾਂ ਗਦਰੀ ਬਾਬਿਆਂ ਦੇ ਵਾਰਿਸ ਇਸ ਨੂੰ ਕਦੀ ਵੀ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਟੈਕਨੀਕਲ ਸਰਵਿਸ ਯੂਨੀਅਨ ਦੇ ਸਬ ਡਵੀਜ਼ਨ ਮਹਿਤਪੁਰ ਦੇ ਪ੍ਰਧਾਨ ਗਗਨਦੀਪ ਸਿੰਘ ਸਕੱਤਰ ਰਜਿੰਦਰ ਸਿੰਘ ਸੋਨੂੰ, ਕਿਸਾਨ ਜਸਵੰਤ ਸਿੰਘ ਲੋਹਗੜ੍ਹ, ਕਰਮ ਸਿੰਘ, ਪਰਵਿੰਦਰ ਸਿੰਘ, ਬਲਵੀਰ ਸਿੰਘ, ਰਘਵੀਰ ਸਿੰਘ, ਅਵਤਾਰ ਸਿੰਘ ਤਾਰੀ ਤੇ ਨੌਜਵਾਨ ਆਗੂ ਨਵਦੀਪ ਤੇਜ਼ੀ, ਰਾਜਾ ਸ਼ਾਹਪੁਰ, ਆਦਿ ਹਾਜਰ ਸਨ।

for more news visit:
www.samajweekly.com

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਜੀ ਡੀ ਗੋਇਨਕਾ ਸਕੂਲ ਵਿਖੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਦਿੱਤੀ ਵਿਦਾਇਗੀ ਪਾਰਟੀ

## ਅੰਮ੍ਰਿਤ ਅਤੇ ਸੁਪ੍ਰੀਤ ਕੌਰ ਨੂੰ ਮਿਸਟਰ ਅਤੇ ਮਿਸ ਜੀ ਡੀ. ਜੀ ਆਈ. ਐੱਸ ਦੇ ਖਿਤਾਬ ਨਾਲ ਨਿਵਾਜਿਆ

**ਕਪੂਰਥਲਾ, (ਕੌੜਾ)–** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ 'ਚ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਸਨਮਾਨ ਦਿੰਦੇ ਹੋਏ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਪਾਰਟੀ ਦਾ ਆਰੰਭ ਵਿਦਿਆਰਥੀਆਂ ਵੱਲੋਂ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਦਿਆਂ ਗਰੁੱਪ ਡਾਂਸ ਪੇਸ਼ ਕਰ ਕੇ ਕੀਤਾ ਗਿਆ । ਇਸ ਮੌਕੇ ਬੱਚਿਆਂ ਦੇ ਮਨੋਰੰਜਨ ਲਈ ਬੈਲੂਨ ਗੇਮਜ਼ ਤੇ ਪ੍ਰਸ਼ਨੋਤਰੀ ਰਾਊਂਡ ਵੀ ਕਰਵਾਏ ਗਏ, ਜਿਸ 'ਚ ਬੱਚਿਆਂ ਨੇ ਸਕੂਲ ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਕਿਹਾ ਕਿ ਸਕੂਲ ਮੈਨੇਜਮੈਂਟ ਅਤੇ ਸਟਾਫ ਨੇ ਸੰਸਥਾ ਅੰਦਰ ਪੜ੍ਹਾਈ ਅਤੇ ਖੇਡਾਂ ਸਮੇਤ ਸੱਭਿਆਚਾਰਕ ਗਤੀਵਿਧੀਆ ਦਾ ਚੰਗਾ ਮਾਹੌਲ ਸਿਰਜਣ ਦੇ ਨਾਲ-ਨਾਲ ਉਨ੍ਹਾਂ ਨੂੰ ਚੰਗੇ ਗੁਣਾਂ ਦਾ ਧਾਰਨੀ ਬਣਨ ਦੀ ਸਿੱਖਿਆ ਵੀ ਦਿੱਤੀ ਹੈ ਅਤੇ ਸੰਸਥਾ 'ਚ ਜਿਥੇ ਪੜ੍ਹਾਈ ਦਾ ਸਵਾਲ ਹੈ,



ਉਥੇ ਹੀ ਹੋਰ ਸਾਰੀਆਂ ਅਗਾਂਹਵਧੂ ਗਤੀਵਿਧੀਆਂ 'ਚ ਪੂਰਾ ਸਹਿਯੋਗ ਅਤੇ ਹਰੇਕ ਲੋੜੀਂਦੀ ਸਹੂਲਤ ਮੁਹੱਈਆ ਕੀਤੀ ਗਈ ਹੈ। ਉਹ ਜੀਡੀ ਗੋਇਨਕਾ ਸਕੂਲ ਦੀਆਂ ਬਹੁਤ ਹੀ ਨਿੱਘੀਆਂ ਤੇ ਮਿੱਠੀਆਂ ਯਾਦਾਂ ਲੈ ਕੇ ਜਾ ਰਹੇ ਹਨ । ਉਨ੍ਹਾਂ ਆਪਣੇ ਸਹਿਯੋਗ ਲਈ ਮੈਨੇਜਮੈਂਟ, ਪ੍ਰਿੰਸੀਪਲ ਤੇ ਅਧਿਆਪਕਾਂ ਪ੍ਰਤੀ ਧੰਨਵਾਦ ਦਾ ਪ੍ਰਗਟਾਵਾ ਕੀਤਾ। ਇਸ ਉਪਰੰਤ ਵਿਦਿਆਰਥੀਆਂ ਵਿੱਚ ਮਿਸ ਫੇਅਰਵੈੱਲ ਅਤੇ ਮਿਸਟਰ ਫੇਅਰਵੈੱਲ ਦਾ ਮੁਕਾਬਲਾ ਵੀ ਕਰਵਾਇਆ ਗਿਆ । ਜਿਸ ਵਿੱਚ ਬਾਰ੍ਹਵੀਂ ਜਮਾਤ ਦੇ ਅੰਮ੍ਰਿਤ ਨੂੰ "ਮਿਸਟਰ" ਅਤੇ ਸਪਰੀਤ ਕੌਰ ਨੂੰ "ਮਿਸ ਫੇਅਰਵੈੱਲ" ਦੇ ਖਿਤਾਬ ਨਾਲ ਨਿਵਾਜਿਆ ਗਿਆ। ਇਸ ਮੌਕੇ ਗਿਆਰਵੀਂ ਜਮਾਤ ਨੇ ਬਾਰਵੀ ਜਮਾਤ ਦੇ ਵਿਦਿਆਰਥੀਆ ਨੂੰ ਵੱਖ-ਵੱਖ ਤਰ੍ਹਾ ਦੇ ਤੋਹਫੇ ਭੇਂਟ ਕੀਤੇ ਅਤੇ ਯਾਦਗਾਰੀ ਤਸਵੀਰਾ ਕਰਵਾਈਆ। ਚੇਅਰਮੈਨ ਸਰਦਾਰ ਸੁਖਦੇਵ ਸਿੰਘ ਜੀ, ਸਕੱਤਰ ਸ਼੍ਰੀਮਤੀ ਪਰਮਿੰਦਰ ਕੌਰ ਜੀ ਅਤੇ ਪ੍ਰਿੰਸੀਪਲ ਸ਼੍ਰੀਮਤੀ ਡਾ. ਹੀਨਾ ਕੁਮਾਰ ਜੀ ਨੇ ਵਿਦਿਆਰਥੀਆਂ ਦੁਆਰਾ ਤਿਆਰ ਕੀਤੀਆਂ ਗਈਆਂ ਗਤੀਵਿਧੀਆਂ ਅਤੇ ਪ੍ਰਬੰਧ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਬਾਰਵੀਂ ਦੇ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਦਿਨ- ਦੁੱਗਣੀ ਤੇ ਰਾਤ - ਚੌਗੁਣੀ ਤਰੱਕੀ ਕਰਨ ਅਤੇ ਭਵਿੱਖ ਵਿੱਚ ਸੋਚ ਸਮਝ ਕੇ ਫੈਸਲੇ ਲੈਣ ਲਈ ਕਿਹਾ।

# ਹੁਸ਼ਿਆਰਪੁਰ ਤੋਂ ਸੰਤ ਸੰਗਤਾਂ ਨੇ ਭਿੰਡਰਾਂ ਵਾਲਿਆਂ ਦੇ ਜਨਮਦਿਨ ਤੇ ਵੱਡੇ ਕਾਫਲੇ ਦੇ ਰੂਪ ਵਿੱਚ ਸ਼ਮੂਲੀਅਤ ਕੀਤੀ : ਸਿੰਗੜੀਵਾਲਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** – ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਦਾ ਜਨਮ ਦਿਨ 12 ਫ਼ਰਵਰੀ ਨੂੰ ਸ਼੍ਰੀ ਫਤਹਿਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਤੇ ਸਰਦਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਅਗਵਾਈ ਹੇਠ ਹੋਣ ਵਾਲਾ ਇਕੱਠ ਚ ਵੱਡੇ ਕਾਫਲੇ ਦੇ ਰੂਪ ਵਿੱਚ ਹੁਸ਼ਿਆਰਪੁਰ ਤੋਂ ਗੁਰਦੀਪ ਸਿੰਘ ਖੁਣਖੁਣ, ਗੁਰਨਾਮ ਸਿੰਘ ਸਿੰਗੜੀਵਾਲਾ, ਮਾਸਟਰ ਕੁਲਦੀਪ ਸਿੰਘ ਮਸੀਤੀ, ਸੰਦੀਪ ਸਿੰਘ ਖਾਲਸਾ ਟਾਂਡਾ, ਪਰਮਿੰਦਰ ਸਿੰਘ ਮਕੇਰੀਆਂ, ਬੀਬੀ ਰਾਜਵਿੰਦਰ ਕੌਰ ਢੱਡੇ ਫਤਿਹ ਸਿੰਘ ਦੀ ਅਗਵਾਈ ਹੇਠ ਸ਼ਮੂਲੀਅਤ ਕੀਤੀ ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਿਹਾ ਕਿ ਸਿੱਖ ਕੌਮ ਅਤੇ ਪੰਜਾਬ ਦੇ ਹੱਕਾਂ ਲਈ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਅਤੇ ਉਹਨਾਂ ਦੇ ਸਾਥੀ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ ਉਹਨਾਂ ਤੋਂ ਬਾਅਦ ਸਿਮਰਨਜੀਤ ਸਿੰਘ ਮਾਨ ਸਿੱਖ ਕੌਮ ਅਤੇ ਪੰਜਾਬ ਦੇ ਹੱਕਾਂ ਲਈ ਲਗਾਤਾਰ ਦ੍ਰਿੜਤਾ ਨਾਲ ਆਵਾਜ਼ ਬੁਲੰਦ ਕਰਦੇ ਆ ਰਹੇ ਹਨ ਇਸ ਸਮੇਂ ਜਥੇਦਾਰ ਗੁਰਦੀਪ ਸਿੰਘ ਖੁਣਖੁਣ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਅਤੇ ਉਹਨਾਂ ਦੇ ਸਾਥੀ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਪ੍ਰਣਾਮ ਕਰਨ ਲਈ ਹੁਸ਼ਿਆਰਪੁਰ ਤੋਂ ਵੱਡੇ ਕਾਫਲੇ ਦੇ ਰੂਪ ਵਿੱਚ ਸ਼ਮੂਲੀਅਤ ਕੀਤੀ ਇਸ ਸਮੇ ਸਤਵੰਤ ਸਿੰਘ ਮੁਰਾਦਪੁਰ, ਮਹਿੰਦਰ ਸਿੰਘ ਬੋਦਲ, ਸੁਰਿੰਦਰ ਸਿੰਘ ਨਸਰਾਲਾ, ਅਕਬਰ ਸਿੰਘ ਬੂਰੇ ਜੱਟਾਂ, ਹਰਪ੍ਰੀਤ ਸਿੰਘ ਲਾਲੀ, ਸੋਨੂ ਖੁਣ ਖੁਣ, ਜਗਦੀਸ਼ ਸਿੰਘ ਚੱਬੇਵਾਲ, ਰਣਜੀਤ ਸਿੰਘ ਝਾਵਾਂ, ਬੂਟਾ ਸਿੰਘ ਸਿੰਗੜੀਵਾਲਾ, ਕੁਲਵਿੰਦਰ ਸਿੰਘ ਖੁਣਖੁਣ, ਸੁਖਦੇਵ ਸਿੰਘ ਕਾਹਰੀ, ਮਲਕੀਅਤ ਸਿੰਘ ਅਲਾਵਲਪੁਰ, ਮਨਜੀਤ ਸਿੰਘ ਲਾਡੀ, ਅਮਰ ਹੀਰਾ, ਪ੍ਰਿਤਪਾਲ ਸਿੰਘ ਅਲਾਵਲਪੁਰ, ਸੁਰਜਨ ਸਿੰਘ ਸਿੰਗੜੀਵਾਲਾ, ਮਨਦੀਪ ਸਿੰਘ ਮੋਨਾ ਕਲਾਂ, ਗੁਰ ਪ੍ਰਤਾਪ ਸਿੰਘ ਬਿੱਲੂ, ਪਰਮਜੀਤ ਸਿੰਘ ਮੇਗੋਵਾਲ ਦੁਆਬਾ, ਸਰਪੰਚ ਰਵਿੰਦਰ ਸਿੰਘ ਪਾੜਾ, ਜਥੇਦਾਰ ਸੰਤੋਖ ਸਿੰਘ ਡਾਲੋਵਾਲ, ਪ੍ਰਿਤਪਾਲ ਸਿੰਘ ਮੁਰ-ਾਦਪੁਰ, ਰਚਨ ਸਿੰਘ ਟਾਂਡਾ ਚੂੜੀਆਂ, ਨਿੰਦਰ ਸਿੰਘ ਬੁੱਢੇਵਾੜ, ਗੁਰਬਖਸ਼ ਸਿੰਘ ਖਾਲਸਾ, ਬਲਰਾਜ ਸਿੰਘ ਘੁੰਮਣ, ਰਾਮ ਸਰੂਪ ਰਾਜਸਥਾਨੀ, ਲਾਭ ਸਿੰਘ ਨਸਰਾਲਾ, ਭਜਨ ਸਿੰਘ ਸਾਹਰੀ, ਗੁਰਦੀਪ ਸਿੰਘ ਝੱਜ ਆਦਿ ਸ਼ਾਮਿਲ ਸਨ !

**ਫੋਟੋ ਅਜਮੇਰ ਦੀਵਾਨਾ**

# ਐਸਸੀ, ਐਸਟੀ, ਬੀਸੀ ਅਤੇ ਅੰਗਹੀਣ ਕੈਟਾਗਰੀ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਦੇਖਦੇ ਹੋਏ ਯੂਜੀਸੀ ਐਕਟ 2026 ਨੂੰ ਤੁਰੰਤ ਲਾਗੂ ਕੀਤਾ ਜਾਵੇ : ਹੈਪੀ, ਬੰਟੀ

## ਬੇਗਮਪੁਰਾ ਟਾਈਗਰ ਫੋਰਸ ਵੱਲੋਂ ਯੂਜੀਸੀ ਐਕਟ 2016 ਨੂੰ ਤੁਰੰਤ ਲਾਗੂ ਕਰਨ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ

**ਹੁਸ਼ਿਆਰਪੁਰ (ਤਰਸੇਮ ਦੀਵਾਨਾ) –** ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਅਤੇ ਬੰਟੀ ਹਰਿਆਣਾ ਪ੍ਰਧਾਨ ਹਲਕਾ ਹਰਿਆਣਾ ਅਤੇ ਗੁਰਦੀਪ ਬਲਾਕ ਪ੍ਰਧਾਨ ਮੇਹਟੀਆਣਾ ਵੱਲੋਂ ਭਾਰਤ ਦੇ ਰਾਸ਼ਟਰਪਤੀ ਨੂੰ ਡਿਪਟੀ ਕਮਿਸ਼ਨਰ ਆਸ਼ਿਕਾਂ ਜੈਨ ਹੁਸ਼ਿਆਰਪੁਰ ਰਾਹੀਂ ਯੂਜੀਸੀ ਐਕਟ 2016 ਨੂੰ ਹੂਬਹੂ ਤੁਰੰਤ ਲਾਗੂ ਕਰਨ ਸਬੰਧੀ ਇੱਕ ਮੰਗ ਪੱਤਰ ਭੇਜਿਆ ਗਿਆ। ਇਸ ਸਬੰਧੀ ਆਗੂਆਂ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਐਸਸੀ, ਐਸ ਟੀ, ਬੀਸੀ ਅਤੇ ਅੰਗਹੀਣ ਕੈਟਾਗਰੀਆਂ ਦੇ ਵਿਦਿਆਰਥੀਆਂ ਦੇ ਅਧਿਕਾਰਾਂ ਦੀ ਰੱਖਿਆ ਕਰਨ ਲਈ ਯੂਜੀਸੀ ਐਕਟ 2016 ਬਣਾਇਆ ਸੀ, ਜਿਸ ਨੂੰ ਭਾਰਤ ਸਰਕਾਰ ਨੇ 13 ਜਨਵਰੀ 2016 ਨੂੰ ਲਾਗੂ ਕਰ ਦਿੱਤਾ ਸੀ। ਉਹਨਾਂ ਕਿਹਾ ਕਿ ਇਸ ਐਕਟ ਰਾਹੀਂ ਸਮਾਜ ਦੇ ਗਰੀਬ



ਅਤੇ ਦਲਿਤ ਵਿਦਿਆਰਥੀਆਂ ਨੂੰ ਉੱਚ-ਵਿੱਦਿਅਕ ਅਦਾਰਿਆਂ ਵਿੱਚ ਹੋ ਰਹੇ ਦੁਰਵਿਵਹਾਰ ਨੂੰ ਰੋਕਣ ਦੀਆਂ ਸਖਤ ਹਦਾਇਤਾਂ ਸਨ। ਜਿਨਾਂ ਨਾਲ ਇਹਨਾਂ ਵਿਦਿਆਰਥੀਆਂ ਨੂੰ ਵੀ ਜਨਰਲ ਵਰਗ ਦੇ ਵਿਦਿਆਰਥੀਆਂ ਵਾਂਗ ਸਮਾਨ ਮੌਕੇ ਦੇਣ ਦੀ ਵਿਵਸਥਾ ਹੈ। ਇਹਨਾਂ ਵਿਦਿਆਰਥੀਆਂ ਵਿਰੁੱਧ ਅਪਮਾਨਜਨਕ ਮਾਹੌਲ ਬਣਾਉਣ ਦੀ ਪਾਬੰਦੀ ਲਗਾਈ ਗਈ ਹੈ ਅਤੇ ਦੋਸ਼ੀ ਵਿਦਿਆਰਥੀਆਂ ਵਿਰੁੱਧ ਨੂੰ ਸਖਤ ਸਜ਼ਾ ਦੇਣ ਦੀ ਵਿਵਸਥਾ ਹੈ, ਜਿਸ ਨਾਲ ਸਮਾਜ ਦੇ ਗਰੀਬ ਵਿਦਿਆਰਥੀਆਂ ਨੂੰ ਉੱਚ ਵਿੱਦਿਅਕ ਅਦਾਰਿਆਂ ਵਿੱਚ ਵਧੀਆ ਮਾਹੌਲ ਮਿਲਣ ਨਾਲ ਉਹਨਾਂ ਦਾ ਮਨੋਬਲ ਬਹੁਤ ਉੱਚਾ ਹੋਣ ਦੀ ਆਸ ਸੀ। ਹੁਣ ਦੁਖੀ ਮਨ ਨਾਲ ਦੱਸਿਆ ਕਿ ਦੇਸ਼ ਦੇ ਬਹੁਤੇ ਉੱਚ-ਵਿੱਦਿਅਕ ਅਦਾਰਿਆਂ ਵਿੱਚ ਸਮਾਜ ਦੇ ਪਿਛੜੇ ਅਤੇ ਗਰੀਬ ਵਿਦਿਆਰਥੀਆਂ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਜਾਂਦਾ ਹੈ, ਜਿਸ ਕਾਰਨ ਬੀਤੇ ਸਮੇਂ ਵਿੱਚ ਕਈ ਵਿਦਿਆਰਥੀ ਨੇ ਵਿਵਸਥਾ ਤੋਂ ਦੁਖੀ ਹੋ ਕੇ ਆਤਮ-ਹੱਤਿਆ ਕਰ ਲਈ। ਉਹਨਾਂ ਕਿਹਾ ਕਿ ਅਜਿਹੀਆਂ ਅਨੈਤਿਕ ਅਤੇ ਘਿਨੌਣੀਆਂ ਕਾਰਵਾਈਆਂ ਨੂੰ ਰੋਕਣ ਲਈ ਯੂਜੀਸੀ ਐਕਟ 2016 ਬਹੁਤ ਸਹਾਈ ਹੋਣ ਦੀ ਆਸ ਹੈ। ਉਹਨਾਂ ਦੋਸ਼ ਲਗਾਉਂਦੇ ਹੋਏ ਕਿਹਾ ਕਿ ਇਸ ਐਕਟ ਨਾਲ ਸਮਾਜ ਦੇ ਉੱਚ ਜਾਤੀਆਂ ਦੇ ਲੋਕਾ ਦੇ ਹੰਕਾਰ ਨੂੰ ਬਹੁਤ ਸੱਟ ਵੱਜੀ ਹੈ, ਜਿਸ ਕਾਰਨ ਉਹਨਾਂ ਨੇ ਇਸ ਐਕਟ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ। ਸਿੱਟੇ ਵਜੋਂ ਮਾਣਯੋਗ ਸੁਪਰੀਮ ਕੋਰਟ ਨੇ ਇਸ ਐਕਟ ਤੇ ਰੋਕ ਲਗਾ ਦਿੱਤੀ ਹੈ। ਉਹਨਾਂ ਮੰਗ ਕੀਤੀ ਕਿ ਐਸਸੀ , ਐਸਟੀ, ਬੀਸੀ ਅਤੇ ਅੰਗਹੀਣ ਕੈਟਾਗਰੀਆਂ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਨੂੰ ਦੇਖਦੇ ਹੋਏ ਯੂਜੀਸੀ ਐਕਟ 2026 ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋ ਇਲਾਵਾ ਮਨਪ੍ਰੀਤ ਹਰਿਆਣਾ, ਗੁਰਦੀਪ, ਕੁਲਵੰਤ ਰਿਹਾਣਾ ਕਲਾਂ, ਰਵੀ, ਰਾਜੂ ਸੁੰਦਰ ਨਗਰ, ਵਿਪਨ ਬਸੀ ਕਲਾ, ਆਦਿ ਹਾਜਰ ਸਨ !

**ਫੋਟੋ ਅਜਮੇਰ ਦੀਵਾਨਾ**

# ਸਮੂਹ ਅਧਿਆਪਕ ਜੱਥੇਬੰਦੀਆਂ ਵੱਲੋਂ ਇਕੱਠੇ ਹੋਕੇ ਟੈੱਟ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ ਗਈਆਂ

**ਮਾਲੇਰਕੋਟਲਾ-(ਕੁਲਵੰਤ ਸਿੰਘ ਮੁਹਾਲੀ)** ਸਾਂਝੇ ਅਧਿਆਪਕ ਮੋਰਚੇ ਦੇ ਸੱਦੇ ਤੇ ਮਾਲੇਰਕੋਟਲਾ ਵਿਖੇ ਸਰਕਾਰ ਵੱਲੋ ਅਧਿਆਪਕਾਂ ਤੇ ਥੋਪੇ ਇਸ ਬੇਲੋੜੇ ਟੈਟ ਟੈਸਟ ਦਾ ਵਿਰੋਧ ਕਰਦੇ ਹੋਏ ਸਮੂਹ ਜੱਥੇਬੰਦੀਆਂ ਵੱਲੋ ਰੋਸ ਪ੍ਰਦਰਸ਼ਨ ਕਰਦਿਆਂ ਇਸ ਪੱਤਰ ਦੀਆਂ ਕਾਪੀਆਂ ਸਾੜੀਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰਣਦੀਪ ਸਿੰਘ ਜ਼ਿਲ੍ਹਾ ਪ੍ਰਧਾਨ ਐਸ.ਸੀ.ਬੀ.ਸੀ ਅਧਿਆਪਕ ਯੂਨੀਅਨ ਮਾਲੇਰਕੋਟਲਾ ਨੇ ਦੱਸਿਆ ਕਿ ਇਹ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਕਿ ਅਧਿਆਪਕਾਂ ਤੇ ਕੋਈ ਟੈਸਟ ਨੋਟੀਫਿਕੇਸ਼ਨ ਦੀ ਮਿਤੀ ਤੋਂ ਪਹਿਲਾਂ ਹੋਈਆਂ ਭਰਤੀਆਂ ਤੇ ਲਗਾਇਆ ਜਾਵੇ। ਇਸ ਸੰਬੰਧੀ ਸਰਕਾਰ ਨੂੰ ਆਪਣਾ ਪੱਖ ਮਾਣਯੋਗ ਸੁਪਰੀਮ ਕੋਰਟ ਵਿੱਚ ਰੱਖਣਾ ਚਾਹੀਦਾ ਹੈ ਕਿਉਂਕਿ ਅਧਿਆਪਕ ਪਹਿਲਾਂ ਹੀ ਐਨੇ ਸਖ਼ਤ ਮੁਕਾਬਲਿਆਂ ਵਿੱਚੋਂ ਪਾਸ ਹੋ ਕੇ ਮਸਾਂ ਆਪਣੇ ਰੋਜ਼ਗਾਰ ਸਿਰ ਹੋਏ ਹਨ। ਹੁਣ



ਉਹ ਆਪਣੇ ਵਿਦਿਆਰਥੀਆਂ ਨੂੰ ਪੜਾਉਣ ਦਾ ਆਪ ਪੜ੍ਹਨ ਇਸ ਲਈ ਇਸ ਤੋਂ ਤੁਰੰਤ ਅਧਿਆਪਕਾਂ ਨੂੰ ਰਾਹਤ ਦਿਵਾਈ ਜਾਵੇ ਤੇ ਤਰੱਕੀਆਂ ਕੀਤੀਆਂ। ਇਸ ਸਮੇਂ ਨੂਰ ਮੁਹੰਮਦ ਜ਼ਿਲ੍ਹਾ ਪ੍ਰਧਾਨ ਗੌਰਮਿੰਟ ਟੀਚਰਜ਼ ਯੂਨੀਅਨ ਨੇ ਵੀ ਇਸ ਨੋਟੀਫਿਕੇਸ਼ਨ ਦੀ ਵਿਰੋਧਤਾ ਕੀਤੀ ਕਿ ਮਾਣਯੋਗ ਸੁਪਰੀਮ ਕੋਰਟ ਦੀ ਆੜ ਵਿੱਚ ਇਸ ਤਰ੍ਹਾਂ ਅਧਿਆਪਕਾਂ ਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਬਿਕਰਮ ਸਿੰਘ ਜ਼ਿਲ੍ਹਾ ਪ੍ਰਧਾਨ ਡੀ.ਟੀ.ਐਫ ਨੇ ਕਿਹਾ ਕਿ ਐਸ. ਵਾਈ.ਐਲ ਦਾ ਫੈਸਲਾ, ਬਰਾਬਰ ਕੰਮ ਬਰਾਬਰ ਤਨਖਾਹ, ਪੁਰਾਣੀ ਪੈਨਸ਼ਨ ਦਾ ਫੈਸਲਾ ਇਹ ਵੀ ਤਾਂ ਮਾਣਯੋਗ ਸੁਪਰੀਮ ਦੇ ਹੀ ਫੈਸਲੇ ਹਨ, ਜਿਨ੍ਹਾਂ ਨੂੰ ਸਰਕਾਰ ਵੱਲੋਂ ਅਜੇ ਤੱਕ ਦੇਖਿਆ ਤੱਕ ਨਹੀਂ ਗਿਆ। ਪਰ ਮੁਲਾਜ਼ਮ ਮਾਰੂ ਫੈਸਲੇ ਸਰਕਾਰੀ ਅਧਿਕਾਰੀ ਤੁਰੰਤ ਲਾਗੂ ਕਰਨ ਲਈ ਤਿਆਰ ਹੋ ਜਾਂਦੇ ਹਨ। ਇਸ ਲਈ ਇਨਸਾਫ਼ ਲੈਣ ਵਾਸਤੇ ਸੰਘਰਸ਼ ਦਾ ਰਾਹ ਹੀ ਇੱਕੋ ਇੱਕ ਰਾਹ ਹੈ, ਜਿਸ ਨਾਲ ਅਸੀਂ ਆਪਣਾ ਰੁਜ਼ਗਾਰ ਬਚਾਅ ਸਕਦੇ ਹਾਂ। ਇਸ ਸਮੇਂ ਸਾਰੇ ਅਧਿਆਪਕਾ ਨੇ ਇਸ ਸਬੰਧੀ ਰੋਸ ਪ੍ਰਦਰਸ਼ਨ ਕੀਤਾ ਤੇ ਇਸ ਅਧਿਆਪਕ ਮਾਰੂ ਪੱਤਰ ਦੀਆਂ ਕਾਪੀਆਂ ਸਾੜੀਆਂ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕਮਲ ਜੈਨ, ਗੁਰਜੰਟ ਸਿੰਘ, ਮੁਹੰਮਦ ਬਸ਼ੀਰ, ਸੁਖਵਿੰਦਰ ਸਿੰਘ ਨਾਰੀਕੇ, ਮੁਹੰਮਦ ਸਫੀਕ, ਨਿਮਾਜ਼ ਅਲੀ ਅਤੇ ਕਮਲਜੀਤ ਸਿੰਘ ਨੇ ਸੰਬੋਧਨ ਕੀਤਾ।

# ਪੀਐਨਬੀ ਅਧਿਕਾਰੀਆਂ ਨੇ ਆਸ਼ਾ ਕਿਰਨ ਸਕੂਲ ਦਾ ਦੌਰਾ ਕੀਤਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** – ਪੰਜਾਬ ਨੈਸ਼ਨਲ ਬੈਂਕ ਦੇ ਮੁੱਖ ਪ੍ਰਬੰਧਕ, ਸਰਕਲ ਦਫਤਰ, ਹੁਸ਼ਿਆਰਪੁਰ, ਵਿਵੇਕ ਵਰਮਾ, ਰੋਸ਼ਨ ਰੋਡ ਬ੍ਰਾਂਚ ਦੇ ਸੀਨੀਅਰ ਪ੍ਰਬੰਧਕ, ਗਗਨਦੀਪ ਸਿੰਘ, ਅਤੇ ਰੁਪਿੰਦਰ ਸਿੰਘ, ਮੈਨੇਜਰ, ਪੰਜਾਬ ਨੈਸ਼ਨਲ ਬੈਂਕ, ਰੋਸ਼ਨ ਰੋਡ, ਨੇ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦਾ ਦੌਰਾ ਕੀਤਾ ਅਤੇ ਸਕੂਲ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ। ਬੈਂਕ ਅਧਿਕਾਰੀਆਂ ਨੇ ਸਕੂਲ ਵਰਦੀ ਦੇ ਹਿੱਸੇ ਵਜੋਂ ਵਿਦਿਆਰਥੀਆਂ ਨੂੰ ਸਵੈਟਰ ਵੰਡੇ। ਅਧਿਕਾਰੀਆਂ ਨੇ ਆਸ਼ਾ




ਕਿਰਨ ਸਕੂਲ ਦਾ ਦੌਰਾ ਕਰਨ ਅਤੇ ਇਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਮਿਲਣ ਤੋਂ ਬਾਅਦ ਆਪਣੀ ਮਨ ਦੀ ਸ਼ਾਂਤੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਸਕੂਲ ਸਟਾਫ ਅਤੇ ਕਮੇਟੀ ਮੈਂਬਰਾਂ ਵੱਲੋਂ ਇਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਮੁੱਖ ਧਾਰਾ ਸਮਾਜ ਵਿੱਚ ਜੋੜਨ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ, ਸਕੱਤਰ ਕਰਨਲ ਗੁਰਮੀਤ ਸਿੰਘ, ਰਾਮ ਆਸਰਾ ਅਤੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਬੈਂਕ ਅਧਿਕਾਰੀਆਂ ਦਾ ਧੰਨਵਾਦ ਕੀਤਾ।

**ਫੋਟੋ ਅਜਮੇਰ ਦੀਵਾਨਾ**

# ਲੋਕ ਗਾਇਕ ਬੀਰਾ ਰੈਲ ਮਾਜਰਾ ਦਾ ਪੀਰਾਂ ਦਾ ਧਾਰਮਿਕ ਗੀਤ ਗੁਲਾਬ ਦਿਆ ਫੁੱਲਾਂ ਹੋਇਆ ਰੀਲੀਜ਼

**ਨਵਾਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਕਾਠਗੜ੍ਹ ਹਲਕੇ ਦੇ ਪ੍ਰਸਿੱਧ ਲੋਕ ਗਾਇਕ ਬੀਰਾ ਰੈਲ ਮਾਜਰਾ ਦਾ ਪੀਰਾਂ ਦਾ ਧਾਰਮਿਕ ਗੀਤ ਗੁਲਾਬ ਦਿਆ ਫੁੱਲਾਂ ਬੀ ਐਸ ਡੀ ਪ੍ਰੋਡਕਸ਼ਨ ਵਲੋਂ ਰੀਲੀਜ਼ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕ ਗਾਇਕ ਬੀਰਾ ਰੈਲ ਮਾਜਰਾ ਨੇ ਦੱਸਿਆ ਕਿ ਉਹਨਾਂ ਵਲੋਂ ਲਿਖਿਆ ਤੇ ਗਾਇਆ ਪੀਰਾਂ ਦਾ ਧਾਰਮਿਕ ਗੀਤ ਗੁਲਾਬ ਦਿਆ ਫੁੱਲਾਂ ਨੂੰ ਸੰਗੀਤ ਨਾਲ ਸ਼ਿੰਗਾਰਿਆ ਹੈ ਜਸ਼ਨ ਬੀਟ ਮਿਊਜ਼ਿਕ ਨੇ। ਇਸ ਧਾਰਮਿਕ ਗੀਤ ਦੀ ਵੀਡੀਓ ਬੜੇ ਸੁੰਦਰ ਤਰੀਕੇ ਨਾਲ ਗੋਬਿੰਦ ਸਟੂਡੀਓ ਕਾਠਗੜ੍ਹ ਵਲੋਂ ਤਿਆਰ ਕੀਤੀ ਗਈ ਹੈ। ਉਸਤਾਦ ਸੁਭਾਸ਼ ਭਾਟੀਆ ਤੇ ਹਰਸ਼ਦੀਪ ਭਾਟੀਆ ਅਮਰੀਕਾ ਦੀ ਇਸ ਗੀਤ ਨੂੰ ਰਿਕਾਰਡ ਕਰਨ ਲਈ ਬਹੁਤ ਵੱਡਾ ਯੋਗਦਾਨ ਹੈ। ਆਉਣ ਵਾਲੇ ਸਮੇਂ ਵਿੱਚ ਬੀਰਾ ਰੈਲ ਮਾਜਰਾ ਦੇ ਹੋਰ ਧਾਰਮਿਕ ਗੀਤ ਸਿੱਧ ਬਾਬਾ ਬਾਲਕ ਨਾਥ ਜੀ, ਧੰਨ ਧੰਨ ਕੁੱਲਾ ਦੀ ਸਰਕਾਰ ਬਾਬਾ ਸਰਵਣ ਦਾਸ ਜੀ ਮਹਾਰਾਜ ਜੀ ਦੇ ਰੀਲੀਜ਼ ਕੀਤੇ






ਜਾਣਗੇ। ਉਮੀਦ ਹੈ ਕਿ ਸੰਗਤਾਂ ਨੂੰ ਪੀਰਾਂ ਦਾ ਧਾਰਮਿਕ ਗੀਤ ਗੁਲਾਬ ਦਿਆ ਫੁੱਲਾਂ ਜਰੂਰ ਪਸੰਦ ਆਵੇਗਾ।

# 22ਵਾਂ ਅੰਮ੍ਰਿਤ ਸਾਗਰ ਸ਼ੁਕਰਾਨਾ ਸਮਾਗਮ ਇੱਕ ਯਾਦਗਾਰੀ ਸਮਾਗਮ ਹੋਵੇਗਾ- ਮੱਕੜ, ਭਾਟੀਆ

## ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ੁਕਰਾਨਾ ਸਮਾਗਮ ਦਾ ਸੱਦਾ ਪੱਤਰ ਕੀਤਾ ਰਿਲੀਜ਼

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰੂ ਸਾਹਿਬਾਨ ਵੱਲੋਂ ਉਚਰੀ ਇਲਾਹੀ ਬਾਣੀ ਦੇ ਕੀਰਤਨ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੇ ਲਈ ਜੋ ਵੱਡਮੁੱਲੇ ਯਤਨ ਪਿਛਲੇ ਲੰਬੇ ਸਮੇਂ ਤੋਂ ਅੰਮ੍ਰਿਤ ਸਾਗਰ ਕੰਪਨੀ ਕਰ ਰਹੀ ਹੈ। ਉਹ ਸਮੁੱਚੀਆਂ ਸੰਗਤਾਂ ਦੇ ਲਈ ਪ੍ਰੇਰਣਾ ਦਾ ਸਰੋਤ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ: ਇੰਦਰਜੀਤ ਸਿੰਘ ਮੱਕੜ ਨੇ ਕੀਤਾ। ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਮਿਤੀ 20 ਤੇ 21 ਫਰਵਰੀ 2026 ਨੂੰ (ਦਿਨ ਸ਼ੁੱਕਰਵਾਰ ਤੇ ਸ਼ਨੀਵਾਰ, ਸ਼ਾਮ 7 ਤੋਂ 11.30 ਵਜੇ ਤੱਕ) ਵਿਸ਼ੇਸ਼ ਤੌਰ ਤੇ ਆਯੋਜਿਤ ਕੀਤੇ ਜਾ ਰਹੇ 21ਵੇਂ ਅੰਮ੍ਰਿਤ ਸਾਗਰ ਸ਼ੁਕਰਾਨਾ ਸਮਾਗਮ ਦਾ ਸੱਦਾ ਪੱਤਰ ਰਿਲੀਜ਼ ਕਰਦਿਆਂ ਹੋਇਆਂ ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਤੇ ਭਗਤਾਂ ਵੱਲੋਂ ਉਚਰੀ ਇਲਾਹੀ ਬਾਣੀ ਦੇ ਸਿਧਾਂਤਕ ਤੇ ਭਾਵਨਾਤਮਕ ਸੰਦੇਸ਼ ਨੂੰ ਸਮੁੱਚੇ ਸੰਸਾਰ ਭਰ ਦੀਆਂ ਸੰਗਤਾਂ ਤੱਕ ਵੱਧ ਤੋਂ ਵੱਧ ਪਹੁੰਚਾਉਣ ਤੇ ਸਮੁੱਚੀ ਲੋਕਾਈ ਨੂੰ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਹਿੱਤ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋਂ ਆਯੋਜਿਤ ਕੀਤਾ ਜਾ ਰਿਹਾ ਉਕਤ ਸ਼ੁਕਰਾਨਾ ਸਮਾਗਮ ਇੱਕ ਯਾਦਗਾਰੀ ਸਮਾਗਮ ਹੋਵੇਗਾ। ਜਿਸ ਦੇ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀ ਜੱਥੇ, ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼ ਤੇ ਪ੍ਰਮੁੱਖ ਸ਼ਖ਼ਸੀਅਤਾਂ



ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕਰਨਗੀਆਂ। ਇਸ ਦੌਰਾਨ ਅੰਮ੍ਰਿਤ ਸਾਗਰ ਕੰਪਨੀ ਦੇ ਪ੍ਰਮੁੱਖ ਸ੍ਰ: ਬਲਬੀਰ ਸਿੰਘ ਭਾਟੀਆ ਨੇ ਦੱਸਿਆ ਕਿ ਉਕਤ 22ਵੇਂ ਸ਼ੁਕਰਾਨਾ ਸਮਾਗਮ ਅੰਦਰ ਵਿਸ਼ੇਸ਼ ਤੌਰ ਤੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਅਨੰਤਬੀਰ ਸਿੰਘ ਜੀ(ਐਲ.ਏ ਵਾਲੇ) , ਭਾਈ ਗੁਰਸ਼ਰਨ ਸਿੰਘ ਜੀ ਲੁਧਿਆਣੇ ਵਾਲੇ, ਭਾਈ ਮਹਿਤਾਬ ਸਿੰਘ ਜੀ ਜਲੰਧਰ ਵਾਲੇ, ਭਾਈ ਤਰਨਵੀਰ ਸਿੰਘ (ਰੱਬੀ ਵੀਰ ਜੀ), ਭਾਈ ਗਗਨਦੀਪ ਸਿੰਘ ਜੀ ਸ਼੍ਰੀ ਗੰਗਾਨਗਰ ਵਾਲੇ, ਭਾਈ ਕੁਲਜੀਤ ਸਿੰਘ ਜੀ ਖਾਲਸਾ, ਭਾਈ ਕਰਮਜੀਤ ਸਿੰਘ ਖਾਲਸਾ ਲੁਧਿਆਣੇ ਵਾਲੇ, ਬੀਬੀ ਰਵਿੰਦਰ ਕੌਰ ਪਟਿਆਲੇ ਵਾਲੇ ਅਤੇ ਬਾਬਾ ਕੁੰਦਨ ਸਿੰਘ ਭਲਾਈ ਟਰੱਸਟ ਲੁਧਿਆਣੇ ਵਾਲਿਆਂ ਦੇ ਕੀਰਤਨੀ ਜੱਥਿਆਂ ਸਮੇਤ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਜਵੱਦੀ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ, ਪੰਥ ਪ੍ਰਚਾਰਕ ਮਾਤਾ ਵਿਪਨਪ੍ਰੀਤ ਕੌਰ ਜੀ ਤੇ ਸ੍ਰ: ਪਰਵਿੰਦਰ ਸਿੰਘ ਭਾਟੀਆ ਰਾਏਪੁਰ ਵਾਲੇ ਉਚੇਚੇ ਤੌਰ ਤੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਦੇ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਨਗੇ। ਉਨ੍ਹਾਂ ਨੇ ਦੱਸਿਆ ਕਿ ਦੋ ਰੋਜ਼ਾ 22ਵੇਂ ਅੰਮ੍ਰਿਤ ਸਾਗਰ ਸ਼ੁਕਰਾਨਾ ਸਮਾਗਮ ਦਾ ਸਮੁੱਚਾ ਲਾਇਵ ਪ੍ਰਸਾਰਨ ਫਾਸਟਵੇਅ ਚੈਨਲ, ਬਾਣੀ ਚੈਨਲ ਤੇ ਅੰਮ੍ਰਿਤ ਸਾਗਰ ਯੂ ਟਿਊਬ ਚੈਨਲ ਉੱਪਰ ਹੋਵੇਗਾ। ਸ੍ਰ: ਭਾਟੀਆ ਨੇ ਸਮੁੱਚੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ, ਸਮੂਹ ਧਾਰਮਿਕ ਸੁਸਾਇਟੀਆਂ ਦੇ ਮੈਂਬਰਾਂ ਤੇ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਨੂੰ ਜ਼ੋਰਦਾਰ ਬੇਨਤੀ ਕੀਤੀ ਕਿ ਉਹ ਅੰਮ੍ਰਿਤ ਸਾਗਰ ਸ਼ੁਕਰਾਨਾ ਸਮਾਗਮ ਵਿੱਚ ਵੱਧ ਤੋਂ ਵੱਧ ਆਪਣੀਆਂ ਹਾਜ਼ਰੀਆਂ ਭਰ ਕੇ ਗੁਰਬਾਣੀ ਦਾ ਲਾਹਾ ਪ੍ਰਾਪਤ ਕਰਨ। ਇਸ ਸਮੇਂ ਉਨ੍ਹਾਂ ਦੇ ਨਾਲ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਭਾਈ ਮੇਜਰ ਸਿੰਘ ਖਾਲਸਾ, ਸਿੱਖ ਨੌਜਵਾਨ ਸੇਵਾ ਸੁਸਾਇਟੀ ਦੇ ਪ੍ਰਧਾਨ ਮਨਿੰਦਰ ਸਿੰਘ ਆਹੂਜਾ, ਰਜਿੰਦਰ ਸਿੰਘ ਡੰਗ, ਐਨ.ਐਸ ਕਥੂਰੀਆਂ, ਇੰਦਰਬੀਰ ਸਿੰਘ ਬੱਤਰਾ, ਹਰਮੀਤ ਸਿੰਘ ਡੰਗ, ਗੁਰਬਖਸ਼ ਸਿੰਘ, ਜੋਗਿੰਦਰ ਸਿੰਘ ਸਲੂਜਾ, ਮਨਜੋਤ ਸਿੰਘ ਪਾਹਵਾ, ਰਣਜੀਤ ਸਿੰਘ ਖਾਲਸਾ, ਕਰਨਪ੍ਰੀਤ ਸਿੰਘ ਭਾਟੀਆ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਥੈਲੇਸੀਮੀਆ ਬੱਚਿਆਂ ਲਈ ਜੀ.ਐਨ.ਈ ਕਾਲਜ ਵਿਖੇ ਖ਼ੂਨਦਾਨ ਕੈਂਪ ਲਾਇਆ


## ਸਾਲ ਵਿੱਚ ਤਿੰਨ ਤੋਂ ਚਾਰ ਵਾਰ ਖ਼ੂਨਦਾਨ ਕਰਨ ਨਾਲ ਵੱਡੀਆਂ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ- ਪ੍ਰਿੰਸੀਪਲ ਸਹਿਜਪਾਲ ਸਿੰਘ





**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਖੇ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਐਨ.ਐਸ.ਐਸ ਵਿੰਗ ਦੇ ਪ੍ਰੋਜੈਕਟ ਅਫਸਰ ਜਸਵੀਰ ਸਿੰਘ ਦੇ ਨਿੱਘੇ ਸਹਿਯੋਗ ਨਾਲ ਸੁਸਾਇਟੀ ਦੇ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਸੁਸਾਇਟੀ ਵੱਲੋਂ 866ਵਾਂ ਮਹਾਨ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਪ੍ਰਿੰਸੀਪਲ ਸਹਿਜਪਾਲ ਸਿੰਘ ਨੇ ਥੈਲਸੀਮੀਆਂ ਬੱਚਿਆਂ ਦੇ ਭਲੇ ਲਈ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਾਲਾਘਾ ਕੀਤੀ ਅਤੇ ਕਿਹਾ ਇਸ ਉਪਰਾਲੇ ਨਾਲ ਕਈ ਕੀਮਤੀ ਮਨੁੱਖੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ । ਸਾਲ 'ਚ ਤਿੰਨ ਤੋਂ ਚਾਰ ਵਾਰ ਖ਼ੂਨਦਾਨ ਕਰਨ ਨਾਲ ਵੱਡੀਆਂ ਬਿਮਾਰੀਆਂ ਤੋਂ ਰਾਹਤ ਮਿਲਦੀ ਹੈ ਅਤੇ ਅਸੀਂ ਤੰਦਰੁਸਤ ਰਹਿ ਸਕਦੇ ਹਾਂ। ਇਸ ਮੌਕੇ ਪ੍ਰਿੰਸੀਪਲ ਸਹਿਜਪਾਲ ਸਿੰਘ ਨੇ ਖ਼ੂਨਦਾਨ ਕਰ ਰਹੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਹੌਂਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਨੇ ਦੱਸਿਆ ਡਾ: ਅਮਨਪ੍ਰੀਤ ਕੌਰ ਬੀ.ਟੀ.ਓ ਸਿਵਲ ਹਸਪਤਾਲ ਬਲੱਡ ਬੈਂਕ ਦੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਥੈਲੇਸੀਮੀਆ ਬੱਚਿਆਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ ਤੇ ਡਾ: ਰਾਜਵੀਰ ਕੌਰ, ਸੁਰਿੰਦਰ ਕੌਰ ਸੰਧੂ, ਡਾ: ਸ਼ੇਰਿਆ,ਰਾਣਾ ਸਿੰਘ ਦਾਦ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ ਸੋਹਲ, ਸੁਖਵਿੰਦਰ ਕੌਰ, ਨੀਰੂ, ਪ੍ਰਭਜੋਤ ਹਾਜ਼ਰ ਸਨ ।

# ਬੀਕੇਯੂ ਪੰਜਾਬ (ਇਕਾਈ ਜਲੰਧਰ) ਨੂਰਮਹਿਲ ਬਲਾਕ ਪ੍ਰਧਾਨ ਦੀ ਦੁਰਘਟਨਾ ਦੌਰਾਨ ਮੌਤ



**ਇਲਾਕੇ ਵਿੱਚ ਸੋਗ ਦੀ ਲਹਿਰ, ਝੰਡੇ ਦੀ ਰਸਮ ਉਪਰੰਤ ਸੰਸਕਾਰ ਅੱਜ**

**ਮਹਿਤਪੁਰ, ( ਹਰਜਿੰਦਰ ਸਿੰਘ ਚੰਦੀ)-** ਬੀਕੇਯੂ ਪੰਜਾਬ (ਇਕਾਈ ਜਲੰਧਰ) ਨੂਰਮਹਿਲ ਬਲਾਕ ਦੇ ਪ੍ਰਧਾਨ ਅਤੇ ਉਘੇ ਸਰਗਰਮ ਕਿਸਾਨ ਆਗੂ ਸ੍ਰ ਮਹਿੰਦਰ ਸਿੰਘ ਅਵਾਣ ਖਾਲਸਾ ਦੀ ਅਚਨਚੇਤ ਹੋਈ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਬੀਕੇਯੂ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਗੋਬਿੰਦਪੁਰ, ਵਾਇਰਸ ਪ੍ਰਧਾਨ ਪੰਜਾਬ ਨਰਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ ਬੀਕੇਯੂ ਪੰਜਾਬ ਬਲਾਕ ਨੂਰਮਹਿਲ ਦੇ ਪ੍ਰਧਾਨ ਅਤੇ ਬਹੁਤ ਹੀ ਹਰਮਨ ਪਿਆਰੇ ਮਿਲਾਪੜੇ ਸੁਭਾਅ ਦੇ ਮਾਲਕ ਬਜ਼ੁਰਗ ਕਿਸਾਨ ਆਗੂ ਹਰ ਅੰਦੋਲਨ ਵਿੱਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਕਿਸਾਨਾਂ ਦੇ ਚਹੇਤੇ ਕਿਸਾਨ ਆਗੂ ਸ੍ਰ ਮਹਿੰਦਰ ਸਿੰਘ ਅਵਾਣ ਖਾਲਸਾ ਇਕ ਦੁਰਘਟਨਾ ਦੌਰਾਨ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਅਕਾਲਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਜ਼ਿਕਰਯੋਗ ਹੈ ਕਿ ਉਘੇ ਕਿਸਾਨ ਆਗੂ ਦੀ ਮੌਤ ਦੀ ਖ਼ਬਰ ਫੈਲਦਿਆਂ ਇਲ-ਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਯਾਦ ਰਹੇ ਕਿ ਮਰਹੂਮ ਮਹਿੰਦਰ ਸਿੰਘ ਅਵਾਣ ਖਾਲਸਾ ਉਘੇ ਕਿਸਾਨ ਆਗੂ ਅਤੇ ਪੰਥ ਪ੍ਰਸਿੱਧ ਢਾਡੀ ਭਾਈ ਹਰਭਜਨ ਸਿੰਘ ਜੀ ਦੇ ਵੀਰ ਸਨ ਇਸ ਮੌਕੇ ਵੱਖ ਵੱਖ ਸਿਆਸੀ, ਧਾਰਮਿਕ, ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲੋਂ ਪਰਿਵਾਰ ਨਾਲ ਦੁਖ ਸਾਂਝਾ ਕੀਤਾ ਗਿਆ। ਇਸ ਮੌਕੇ ਬੀਕੇਯੂ ਪੰਜਾਬ ਦੇ ਸੂਬਾ ਪ੍ਰਧਾਨ ਫੁਰਮਾਨ ਸਿੰਘ ਸੰਧੂ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਨ੍ਹਾਂ ਨੇ ਇਕ ਦਿੱਗਜ਼ ਸੰਘਰਸ਼ੀ ਯੋਧਾ ਗੁਵਾ ਲਿਆ ਹੈ। ਉਨ੍ਹਾਂ ਕਿਹਾ ਕਿ ਉਘੇ ਕਿਸਾਨ ਆਗੂ ਮਹਿੰਦਰ ਸਿੰਘ ਅਵਾਣ ਖਾਲਸਾ ਵੱਲੋਂ ਹੱਕੀ ਮੰਗਾਂ ਲਈ ਲੱਗੇ ਹਰ ਮੋਰਚੇ ਵਿੱਚ ਮੋਹਰੀ ਭੂਮਿਕਾ ਨਿਭਾਈ ਅਤੇ ਲੋਕ ਮਾਰੂ ਨੀਤੀਆਂ ਖ਼ਿਲਾਫ਼ ਨਿਰਭੈਅ ਅਤੇ ਨਿਡਰ ਹੋ ਕੇ ਅਵਾਜ਼ ਬੁਲੰਦ ਕੀਤੀ। ਕਿਸਾਨ ਆਗੂ ਦੀ ਮਿਰਤਕ ਦੇਹ ਦਾ ਸੰਸਕਾਰ 13 ਫਰਵਰੀ ਦਿਨ ਸ਼ੁੱਕਰਵਾਰ ਨੂੰ ਉਨ੍ਹਾਂ ਦੇ ਪਿੰਡ ਅਵਾਣ ਖਾਲਸਾ ਵਿਖੇ ਦੁਪਹਿਰ 1:00 ਵੱਜੇ ਕੀਤਾ ਜਾਵੇਗਾ। ਇਸ ਮੌਕੇ ਬੀਕੇਯੂ ਪੰਜਾਬ ਵੱਲੋਂ ਸੰਘਰਸ਼ੀ ਯੋਧੇ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਝੰਡੇ ਦੀ ਰਸਮ ਵੀ ਅਦਾ ਕੀਤੀ ਜਾਵੇਗੀ।

# ਸਾਬਕਾ ਮੰਤਰੀ ਮਜੀਠੀਆ ਨੂੰ ਜ਼ਮਾਨਤ ਮਿਲਣ ਕਾਰਨ ਮਾਨ ਸਰਕਾਰ ਦੇ ਝੂਠੇ ਦਾਅਵਿਆਂ ਦਾ ਅੰਤ ਹੋਇਆ ਹੈ : ਬਾਵਾ ਰਾਏਕੋਟ



**ਰਾਏਕੋਟ, (ਗੁਰਭਿੰਦਰ ਗੁਰੀ )** : ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਸੁਸ਼ੀਲ ਕੁਮਾਰ ਬਾਵਾ ਰਾਏਕੋਟ ਅਤੇ ਦੇਵ ਆਸੀਸ ਪ੍ਰਧਾਨ ਯੂਥ ਅਕਾਲੀ ਦਲ ਜਿਲ੍ਹਾ ਮੋਗਾ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮਿਲਕੇ ਜਮਾਨਤ ਮਿਲਣ ਦੀ ਵਧਾਈ ਦਿੱਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਵਾ ਰਾਏਕੋਟ ਨੇ ਕਿਹਾ ਕਿ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਆਪ ਸਰਕਾਰ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦਰਜ ਕੀਤੇ ਝੂਠੇ ਮੁਕੱਦਮੇ ‘ਚ ਸੁਪਰੀਮ ਕੋਰਟ ਵੱਲੋਂ ਜ਼ਮਾਨਤ ਦਿੱਤੇ ਜਾਣ ਤੋਂ ਬਾਅਦ ਸਿਆਸੀ ਫਿਜ਼ਾ ਬਦਲ ਗਈ ਹੈ, ਵੱਡੀ ਗਿਣਤੀ ‘ਚ ਜਿੱਥੇ ਅਕਾਲੀ ਆਗੂਆਂ ਤੇ ਵਰਕਰਾਂ ਦੇ ਹੌਸਲੇ ਬੁਲੰਦ ਹੋਏ ਹਨ, ਉੱਥੇ ਮਾਨ ਸਰਕਾਰ ਦੇ ਝੂਠੇ ਦਾਅਵਿਆਂ ਦਾ ਅੰਤ ਹੋਇਆ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਬਦਲੇ ਦੀ ਭਾਵਨਾ ਨਾਲ ਆਮਦਨ ਤੋਂ ਵੱਧ ਜਾਇਦਾਦ ਦਾ ਝੂਠਾ ਪਰਚਾ ਦਰਜ ਕੀਤਾ ਗਿਆ ਸੀ।ਜੋ ਬਿਕਰਮ ਸਿੰਘ ਮਜੀਠੀਆ ਦੇ ਦ੍ਰਿੜ ਇਰਾਦਿਆਂ ਨੂੰ ਤੋੜ ਨਹੀਂ ਸਕਿਆ।ਉਨ੍ਹਾਂ ਕਿਹਾ ਕਿ ਅਕਾਲੀ ਆਗੂ ਅਤੇ ਵਰਕਰ ਹਮੇਸ਼ਾਂ ਸਾਬਕਾ ਮੰਤਰੀ ਮਜੀਠੀਆ ਨਾਲ ਚਟਾਂਨ ਵਾਂਗ ਖੜ੍ਹੇ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਲੋਕਪ੍ਰਿਯ ਆਗੂ ਹਨ, ਜੋ ਬਿਨਾਂ ਕਿਸੇ ਡਰ ਭੈਅ ਲੋਕ ਹਿੱਤ ਭਗਵੰਤ ਮਾਨ ਸਰਕਾਰ ਨੂੰ ਆੜੇ ਹੱਥੀਂ ਲੈਂਦੇ ਰਹੇ ਹਨ, ਇਹੀ ਕਾਰਨ ਹੈ ਕਿ ਆਪ ਸਰਕਾਰ ਨੇ ਉਨ੍ਹਾਂ ਦੀ ਅਵਾਜ਼ ਨੂੰ ਬੰਦ ਕਰਨ ਦੇ ਇਰਾਦੇ ਤਹਿਤ ਹੀ ਝੂਠਾ ਪਰਚਾ ਦਰਜ ਕੀਤਾ ਗਿਆ ਸੀ।ਬਾਵਾ ਰਾਏਕੋਟ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਲੋਕਾਂ ਦੇ ਹੱਕਾਂ ਲਈ ਹਮੇਸ਼ਾਂ ਲੜਦਾ ਆਇਆ ਹੈ ਅਤੇ ਲੜਦਾ ਰਹੇਗਾ।ਇਸ ਮੌਕੇ ਹਨੀ ਰਾਏਕੋਟ, ਹਰਸ ਜੁਨੇਜਾ, ਸਾਜਨ ਕਾਲੜਾ, ਜਸਪ੍ਰੀਤ ਸਿੰਘ ਜੱਸੀ ਆਦਿ ਹਾਜ਼ਰ ਸਨ।




# ਗੁਰਦੁਆਰਾ ਬਗੀਚੀ ਸਾਹਿਬ ਵਿਖੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਜਾਣਗੇ

**ਰਾਏਕੋਟ, (ਗੁਰਭਿੰਦਰ ਗੁਰੀ )** ਗੁਰਦੁਆਰਾ ਬਗੀਚੀ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਮੂਹ ਸਹਿਯੋਗੀ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਗੁਰਜੰਟ ਸਿੰਘ ਜੀ ਤਾਜਪੁਰ ਵਾਲਿਆਂ ਦੀ ਸਰਪ੍ਰਸਤੀ ਹੇਠ 22 ਫਰਵਰੀ ਨੂੰ ਗੁਰਦੁਆਰਾ ਸਾਹਿਬ ਵਿਖੇ 14ਵਾਂ ਸਮਾਗਮ ਕਰਵਾ ਕੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਜਾਣਗੇ। ਇਸ ਸਬੰਧੀ ਅੱਜ ਗੁਰਦੁਆਰਾ ਬਗੀਚੀ ਸਾਹਿਬ ਵਿਖੇ ਕਰਵਾਏ ਇੱਕ ਸੰਖੇਪ ਸਮਾਗਮ ਦੌਰਾਨ ਬਾਬਾ ਗੁਰਜੰਟ ਸਿੰਘ ਜੀ ਤਾਜਪੁਰ ਵਾਲਿਆਂ ਵੱਲੋਂ ਇਸ ਸਮਾਗਮ ਦੇ ਮੁੱਖ ਸਹਿਯੋਗੀ ਬੂਟਾ ਸਿੰਘ ਛਾਪਾ (ਸਾਬਕਾ ਕੌਂਸਲਰ) ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਉਹਨਾਂ ਕਿਹਾ ਕਿ ਬੂਟਾ ਸਿੰਘ ਛਾਪਾ ਦਾ ਇਸ ਨੇਕ ਕਾਰਜ ਵਿੱਚ ਵਡਮੁੱਲਾ ਯੋਗਦਾਨ ਹੈ। ਜਾਣਕਾਰੀ ਦਿੰਦੇ ਹੋਏ ਬਾਬਾ ਗੁਰਜੰਟ ਸਿੰਘ ਤਾਜਪੁਰ ਵਾਲਿਆਂ ਨੇ ਦੱਸਿਆ ਕਿ ਇਹ ਸਮਾਗਮ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ



ਜਨਮ ਦਿਹਾੜੇ ਨੂੰ ਸਮਰਪਿਤ ਹੋਵੇਗਾ, ਜਿਸ ਵਿੱਚ ਸਮੂਹ ਸਹਿਯੋਗੀ ਸੱਜਣਾਂ ਦੇ ਸਹਿਯੋਗ ਨਾਲ ਗਰੀਬ ਅਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਕਰਵਾਏ ਜਾਣਗੇ। ਉਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ 21 ਫਰਵਰੀ ਨੂੰ ਗੁਰਦੁਆਰਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਵੀ ਹੋਵੇਗਾ। ਉਹਨਾਂ ਸਮੂਹ ਸਹਿਯੋਗੀ ਸੱਜਣਾਂ ਨੂੰ ਵੀ ਅਪੀਲ ਕੀਤੀ ਕਿ ਉਹ ਇਹਨਾਂ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਲਈ ਹੋਣ ਵਾਲੇ ਸਮਾਗਮ ਵਿੱਚ ਆਪਣਾ ਯੋਗਦਾਨ ਪਾ ਕੇ ਇਸ ਨੇਕ ਕਾਰਜ ਦੇ ਸਹਿਭਾਗੀ ਬਣਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਲਦੇਵ ਸਿੰਘ ਰਾਏ, ਮੀਤ ਪ੍ਰਧਾਨ ਗੇਜਾ ਸਿੰਘ, ਗੁਰਮੇਲ ਸਿੰਘ ਤਾਜਪੁਰ, ਸਾਬਕਾ ਸਰਪੰਚ ਅਵਤਾਰ ਸਿੰਘ, ਸਵਰਨ ਸਿੰਘ ਬੈਨੀਪਾਲ, ਮੰਗਤ ਰਾਏ ਸੱਭਰਵਾਲ, ਵਿਕੀ ਰਾਏ, ਮਲਕੀਤ ਸਿੰਘ, ਗੁਰਮੇਲ ਸਿੰਘ ਆਦਿ ਵੀ ਹਾਜ਼ਰ ਸਨ।

# ਮਾਹਲ ਗਹਿਲਾ ਵਿਖੇ ਪੰਜ ਦਿਨ ਚੱਲਣ ਵਾਲੇ ਸਲਾਨਾ ਫੁੱਟਬਾਲ ਟੂਰਨਾਮੈਂਟ ਦੇ ਦੂਜੇ ਦਿਨ ਹੋਏ ਫਸਵੇਂ ਮੁਕਾਬਲੇ

**●ਕਲੱਬ ਦੇ ਮੁਕਾਬਲਿਆਂ ਵਿੱਚ ਸਿੱਖ ਨੈਸ਼ਨਲ ਕਾਲਜ ਬੰਗਾ ਦੀ ਟੀਮ ਜੇਤੂ ●ਖਿਡਾਰੀ ਖੇਡ ਭਾਵਨਾ ਨਾਲ ਖੇਡਣ – ਦਰਸ਼ਨ ਸਿੰਘ ਮਾਹਲ**



**ਬੰਗਾ (ਚਰਨਜੀਤ ਸੱਲ੍ਹਾਂ )** ਮਾਹਲ ਗਹਿਲਾ ਫੁੱਟਬਾਲ ਅਕੈਡਮੀ ਰਜਿ: ਵਲੋਂ ਪਿੰਡ ਮਾਹਲ ਗਹਿਲਾ ਵਿਖੇ ਐਨ ਆਰ ਆਈ, ਸਮੂਹ ਨਗਰ ਨਿਵਾਸੀਆਂ ਅਤੇ ਗਰਾਮ ਪੰਚਾਇਤ ਮਾਹਲ ਗਹਿਲਾ ਦੇ ਸਹਿਯੋਗ ਨਾਲ ਹਰ ਸਾਲ ਦੀ ਤਰਾਂ ਇਸ ਵਾਰ ਵੀ ਸ਼ਹੀਦ ਭਗਤ ਸਿੰਘ ਫੁੱਟਬਾਲ ਸਟੇਡੀਅਮ ਮਾਹਲ ਗਹਿਲਾ ਵਿਖੇ ਫੁੱਟਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਪੰਜ ਚੱਲਣ ਵਾਲੇ ਇਸ ਫੁੱਟਬਾਲ ਟੂਰਨਾਮੈਂਟ ਦੇ ਦੂਜੇ ਦਿਨ ਦੇ ਪਹਿਲੇ ਮੈਚ ਉਦਘਾਟਨ ਦਰਸ਼ਨ ਸਿੰਘ ਮਾਹਲ ਕੈਨੇਡਾ ਨੇ ਟੀਮਾਂ ਨਾਲ ਜਾਣ ਪਹਿਚਾਣ ਕਰਨ ਉਪਰੰਤ ਕੀਤਾ। ਇਸ ਮੌਕੇ ਉਹਨਾਂ ਨੇ ਕਿਹਾ ਕਿ ਖਿਡਾਰੀਆਂ ਨੂੰ ਖੇਡਦੇ ਹੋਏ ਕਦੇ ਵੀ ਗੁੱਸੇ ਨਹੀਂ ਹੋਣਾ ਚਾਹੀਦਾ ਸਗੋਂ ਹਮੇਸ਼ਾਂ ਖੇਡ ਭਾਵਨਾ ਨਾਲ ਖੇਡਣਾ ਚਾਹੀਦਾ ਹੈ। ਇਸ ਮੌਕੇ ਉਹਨਾਂ ਦੇ ਨਾਲ ਸੰਦੀਪ ਸਿੰਘ ਪ੍ਰਧਾਨ ਕਮੇਟੀ, ਸਾਬਕਾ ਪ੍ਰਿਸੀਪਲ ਹਰਜੀਤ ਸਿੰਘ ਮਾਹਲ ਸਕੱਤਰ, ਬਲਵਿੰਦਰ ਸਿੰਘ ਪੀਟਾ, ਬਹਾਦਰ ਸਿੰਘ ਮਾਹਲ, ਦਰਸ਼ਨ ਸਿੰਘ ਮਾਹਲ ਕੈਨੇਡਾ, ਗੁਰਤੇਜ ਸਿੰਘ ਤੇਜੀ, ਤਜਿੰਦਰ ਸਿੰਘ, ਰਘਵੀਰ ਸਿੰਘ, ਸੁਭਾਸ਼ ਕੌਸ਼ਲ ਆਦਿ ਹਾਜਰ ਸਨ। ਇਸ ਮੌਕੇ ਕਮੇਟੀ ਦੇ ਸਕੱਤਰ ਹਰਜੀਤ ਸਿੰਘ ਮਾਹਲ ਨੇ ਪੁੱਜੀਆਂ ਸਖਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਪ੍ਰਮੁੱਖ ਸਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਉਹਨਾਂ ਨੇ ਦੱਸਿਆ ਕਿ ਇਸ ਫੁੱਟਬਾਲ ਟੂਰਨਾਮੈਂਟ ਵਿੱਚ ਆਲ ਓਪਨ, ਪਿੰਡ ਪੱਧਰ, ਬੀ ਟੀਮਾਂ, ਸੀ ਟੀਮਾਂ ਅੰਡਰ 15 ਦੇ ਮੁਕਾਬਲੇ ਕਰਵਾਏ ਜਾ ਰਹੇ ਹਨ। ਜਿਸ ਵਿੱਚ ਆਲ ਉਪਨ ਜਿੱਤਣ ਵਾਲੀ ਟੀਮ ਨੂੰ 71 ਹਜਾਰ ਰੁਪਏ, ਉਪ ਜੇਤੂ ਨੂੰ 61 ਹਜਾਰ ਤੇ ਪਿੰਡ ਪੱਧਰ ਵਿੱਚ ਪਹਿਲਾ ਇਨਾਮ 45 ਹਜਾਰ ਰੁਪਏ ਤੇ ਉਪ ਜੇਤੂ ਨੂੰ 35 ਹਜਾਰ ਰੁਪਏ ਤੇ ਸੁੰਦਰ ਟਰਾਫੀਆਂ ਦਿੱਤੇ ਜਾਣਗੇ। ਇਸੇ ਤਰਾਂ ਬੀ ਟੀਮ ਨੂੰ 21 ਅਤੇ 16 ਹਜਾਰ ਤੇ ਸੀ ਟੀਮ ਨੂੰ 61 ਸੌ ਅਤੇ 51 ਸੌ ਰੁਪਏ ਨਕਦ ਤੇ ਸੁੰਦਰ ਟਰਾਫੀਆਂ ਦਿੱਤੀਆਂ ਜਾਣਗੀਆਂ। ਉਹਨਾਂ ਅੱਗੇ ਦੱਸਿਆ ਇਹਨਾਂ ਇਨਾਮਾਂ ਵਿੱਚ ਐਨ ਆਰ ਆਈ ਭਰਾਵਾਂ ਦਾ ਵੱਡਾ ਯੋਗਦਾਨ ਹੈ। ਇਸ ਮੌਕੇ ਨੌਰਾ ਤੇ ਜੀਂਦੋਵਾਲ ਦੀਆਂ ਟੀਮਾਂ ਨਾਲ ਯਸ਼ਪਾਲ ਸਿੰਘ ਸਾਬਕਾ ਸਰਪੰਚ ਮਾਹਿਲ ਗਹਿਲਾ ਨੇ ਟੀਮਾਂ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਉਹਨਾਂ ਦੇ ਨਾਲ ਮੱਖਣ ਸਿੰਘ ਹੀਰ, ਸੁੱਚਾ ਸਿੰਘ, ਸੋਹਣ ਸਿੰਘ ਮਾਹਲ, ਮੋਹਣ ਸਿੰਘ ਮਾਹਲ, ਬਲਰਾਜ ਸਿੰਘ ਹਾਜਰ ਸਨ। ਅਗਲਾ ਮੈਚ ਪਨਾਮ ਅਤੇ ਝਿੱਕਾ ਦੀਆਂ ਟੀਮਾਂ ਵਿੱਚ ਖੇਡਿਆ ਗਿਆ ਜਿਸ ਵਿੱਚ ਪਨਾਮ ਦੀ ਟੀਮ ਨੇ ਜਿੱਤ ਦਰਜ ਕੀਤੀ। ਇਸੇ ਹੋਰ ਕਰਵਾਏ ਮੁਕਾਬਲਿਆਂ ਵਿੱਚ ਨੌਰਾ ਤੇ ਜੀਂਦੋਵਾਲ, ਕਾਹਮਾ ਤੇ ਮੰਗੂਵਾਲ, ਮਾਹਲ ਗਹਿਲਾ ਤੇ ਬਿੰਜੋਂ, ਭੌਰਾ ਤੇ ਖਾਨਖਾਨਾ, ਸਮੁੰਦੜਾ ਤੇ ਪਠਲਾਵਾ ਵਿੱਚ ਵੀ ਮੁਕਾਬਲੇ ਕਰਵਾਏ ਗਏ। ਕਲੱਬਾਂ ਦੇ ਮੈਚਾਂ ਵਿੱਚ ਕੇਐਫਸੀ ਜਲੰਧਰ ਤੇ ਪੀਐਚਐਫਸੀ ਮਾਹਲਪੁਰ ਬੜਾ ਫਸਵਾਂ ਮੁਕਾਬਲਾ ਦੇਖਣ ਨੂੰ ਮਿਲਿਆ ਅਤੇ ਅੰਤ ਕੇਐਫਸੀ ਜਲੰਧਰ ਦੀ ਟੀਮ ਨੇ ਇਹ ਮੈਚ 3-0 ਨਾਲ ਜਿੱਤ ਲਿਆ। ਦੂਜਾ ਕਲੱਬ ਕੈਟਾਗਰੀ ਦਾ ਮੁਕਾਬਲਾ ਐਸਐਨ ਕਾਲਜ ਬੰਗਾ ਤੇ ਪੀਆਈ ਐਸ ਫਗਵਾੜਾ ਦੀਆਂ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਸਿੱਖ ਨੈਸ਼ਨਲ ਕਾਲਜ ਬੰਗਾ ਦੀ ਟੀਮ ਜੇਤੂ ਰਹੀ। ਇਸ ਮੌਕੇ ਟੀਮਾਂ ਨਾਲ ਜਾਣ ਪਹਿਚਾਣ ਸੁਖਦੇਵ ਸਿੰਘ ਮਾਹਲ ਕੈਨੇਡਾ, ਬਹਾਦਰ ਸਿੰਘ ਮਾਹਲ, ਖੁਸ਼ਵਿੰਦਰ ਸਿੰਘ, ਬਲਵੀਰ ਸਿੰਘ ਮੋਰਾਂਵਾਲੀ, ਤਜਿੰਦਰ ਸਿੰਘ ਕੈਨੇਡਾ, ਗੁਰਤੇਜ ਸਿੰਘ ਤੇਜੀ, ਕਮਲ ਮਾਹਲ ਨੇ ਕਰਕੇ ਮੈਚ ਦਾ ਅਰੰਭ ਕਰਵਾਇਆ। ਇਸ ਮੌਕੇ ਸਟੇਜ ਸਕੱਤਰ ਦੀ ਜਿੰਮੇਵਾਰੀ ਵਿੱਕੀ ਮਾਹਲ ਨੇ ਨਿਭਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਖੁਸ਼ਵਿੰਦਰ ਸਿੰਘ, ਨਰਿੰਦਰ ਸਿੰਘ, ਪਰਦੀਪ ਸਿੰਘ ਭੱਟੀ, ਰਾਜਵੀਰ ਸਿੰਘ, ਕਮਲਪ੍ਰੀਤ ਸਿੰਘ, ਬਲਦੇਵ ਸਿੰਘ ਮਾਹਲ, ਜਸਵਿੰਦਰ ਸਿੰਘ, ਹਰਨੇਕ ਸਿੰਘ, ਸਨਮੀਤ ਸਿੰਘ ਮਾਹਲ, ਇੰਦਰਜੀਤ ਸਿੰਘ, ਨਰਿੰਦਰ ਸਿੰਘ, ਦਵਿੰਦਰ ਸਿੰਘ ਆਦਿ ਹਾਜਰ ਸਨ। ਸੁਖਦੇਵ ਸਿੰਘ ਮਾਹਲ ਕੈਨੇਡਾ ਟੀਮਾਂ ਨਾਲ ਜਾਣ ਪਹਿਚਾਣ ਕਰਨ ਉਪਰੰਤ ਟੀਮਾਂ ਦੇ ਖਿਡਾਰੀਆਂ ਨਾਲ। ਉਹਨਾਂ ਦੇ ਨਾਲ ਹਰਜੀਤ ਸਿੰਘ ਮਾਹਲ, ਬਲਵਿੰਦਰ ਸਿੰਘ ਪੀਟਾ, ਸੰਦੀਪ ਸਿੰਘ ਮਾਹਲ, ਬਹਾਦਰ ਸਿੰਘ ਮਾਹਲ, ਖੁਸ਼ਵਿੰਦਰ ਸਿੰਘ ਅਤੇ ਹੋਰ।

# ਇਲਾਕੇ ਦੀ ਨਾਮਵਰ ਸ਼ਖਸ਼ੀਅਤ ਚੋਧਰੀ ਰਾਮ ਲਾਲ ਭਾਟੀਆ ਟੌਂਸਾ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ

**ਰਾਜਸੀ, ਸਮਾਜਿਕ ਅਤੇ ਧਾਰਮਿਕ ਸਖਸ਼ੀਅਤਾਂ ਵਲੋਂ ਉਹਨਾਂ ਦੇ ਪਰਿਵਾਰ ਨਾਲ ਕੀਤਾ ਜਾ ਰਿਹਾ ਹੈ ਦੁੱਖ ਸਾਂਝਾ**



**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )**ਇਲਾਕੇ ਦੀ ਨਾਮਵਰ ਸ਼ਖਸ਼ੀਅਤ ਚੋਧਰੀ ਰਾਮ ਲਾਲ ਭਾਟੀਆ ਵਾਸੀ ਟੌਂਸਾ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਹਨਾਂ ਦੇ ਅਚਾਨਕ ਵਿਛੋੜੇ ਨਾਲ ਕੇਵਲ ਇੱਕ ਪਰਿਵਾਰ ਨੂੰ ਹੀ ਨਹੀਂ ਬਲਕਿ ਪੂਰੇ ਇਲਾਕੇ ਨੂੰ ਕਦੀ ਨਾ ਪੂਰਿਆਂ ਜਾਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੇ ਸਪੁੱਤਰਾ ਹੰਸ ਰਾਜ ਭਾਟੀਆ ਟੌਂਸਾ ਅਤੇ ਬਿਕਰਮ ਭਾਟੀਆ ਟੌਂਸਾ ਦੇ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਰਾਣਾ ਗੁਰਜੀਤ ਸਿੰਘ ਐਮ ਐਲ ਏ ਕਪੂਰਥਲਾ ਅਤੇ ਉਨ੍ਹਾਂ ਦਾ ਭਤੀਜਾ ਪ੍ਰਭ ਸਿੰਘ ਰਾਣਾ ਉੱਚੇਚੇ ਤੌਰ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪਿੰਡ ਟੌਂਸਾ ਵਿਖੇ ਪਹੁੰਚੇ
ਇਸ ਮੌਕੇ ਉਨ੍ਹਾਂ ਨਾਲ ਵਿੱਕੀ ਚੋਧਰੀ ਸੀਨੀਅਰ ਕਾਂਗਰਸੀ ਆਗੂ ਕਾਠਗੜ੍ਹ, ਕਿਸ਼ਨ ਲਾਲ ਸਾਬਕਾ ਸਰਪੰਚ ਟੌਂਸਾ, ਸੋਨੂੰ ਵਾਈਸ ਪ੍ਰਧਾਨ ਕਾਂਗਰਸ, ਸੇਠੀ ਜਨਰਲ ਸੈਕਟਰੀ ਨਵਾਂਸ਼ਹਿਰ , ਮਨੀਸ਼ ਸਰਪੰਚ ਬਨਾਂ ਆਦਿ ਹਾਜ਼ਰ ਸਨ।

# ਅੱਖਾਂ ਦਾ ਮੁਫਤ ਜਾਂਚ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ



**ਰਾਏਕੋਟ, (ਗੁਰਭਿੰਦਰ ਗੁਰੀ )** ਸਵ. ਸੁਖਦੇਵ ਸਿੰਘ ਜਵੰਦਾ ਯਾਦਗਾਰੀ ਟਰੱਸਟ ਪਿੰਡ ਬੱਸੀਆਂ ਵੱਲੋ ਅੱਜ ਸਥਾਨਕ ਡਾਕਟਰ ਰਮੇਸ਼ ਸੁਪਰ ਸਪੈਸ਼ਲਟੀ ਆਈ ਹਸਪਤਾਲ ਵਿਖੇ ਇੱਕ ਅੱਖਾਂ ਦਾ ਮੁਫਤ ਜਾਂਚ ਅਤੇ ਆਪਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਉੱਘੇ ਸਮਾਜ ਸੇਵੀ ਕੰਵਲਜੀਤ ਸਿੰਘ ਜਵੰਦਾ ਵੱਲੋਂ ਕੀਤਾ ਗਿਆ। ਇਸ ਕੈਂਪ ਦੌਰਾਨ ਅੱਖਾਂ ਦੇ ਮਾਹਿਰ ਡਾਕਟਰ ਰਮੇਸ਼ ਮਨਸੂਰਾਂ ਵਾਲਿਆਂ ਦੇ ਹਸਪਤਾਲ ਤੋਂ ਡਾਕਟਰ ਆਕਰਸ਼ਣ ਮਹਿਤਾ ਦੀ ਅਗਵਾਈ ਹੇਠ ਆਈ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਬੋਲਦੇ ਹੋਏ ਡਾਕਟਰ ਆਕਰਸ਼ਣ ਮਹਿਤਾ ਨੇ ਕਿਹਾ ਕਿ ਸਾਡੀਆਂ ਅੱਖਾਂ ਤੇ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦਾ ਕਾਫੀ ਮਾੜਾ ਅਸਰ ਪੈਂਦਾ ਹੈ ਇਸ ਲਈ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਨੂੰ ਆਪਣੀਆਂ ਅੱਖਾਂ ਦਾ ਸਮੇਂ ਸਮੇਂ ਤੇ ਚੈਕਅੱਪ ਕਰਵਾਉਂਦੇ ਰਹਿਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਹਨਾਂ ਮਰੀਜ਼ਾਂ ਨੂੰ ਅੱਖਾਂ ਦੀ ਸਾਫ ਸਫਾਈ ਰੱਖਣ ਬਾਰੇ ਵੀ ਪ੍ਰੇਰਿਤ ਕੀਤਾ। ਡਾਕਟਰ ਆਕਰਸ਼ਣ ਮਹਿਤਾ ਨੇ ਦੱਸਿਆ ਕਿ ਕੈਂਪ ਦੌਰਾਨ 150 ਤੋਂ ਵਧੇਰੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਹੈ। ਜਿਨਾਂ ਵਿੱਚੋਂ 20 ਮਰੀਜ਼ਾਂ ਨੂੰ ਮੁਫਤ ਆਪਰੇਸ਼ਨ ਅਤੇ ਲੈਨਜ਼ ਪਾਉਣ ਲਈ ਚੁਣਿਆ ਗਿਆ ਹੈ। ਜਿਨਾਂ ਦੇ ਆਪਰੇਸ਼ਨ ਲੁਧਿਆਣਾ ਸਥਿਤ ਡਾਕਟਰ ਰਮੇਸ਼ ਆਈ ਹਸਪਤਾਲ ਵਿਖੇ ਕੀਤੇ ਜਾਣਗੇ। ਇਸ ਮੌਕੇ ਉਹਨਾਂ ਸਮਾਜਸੇਵੀ ਕੰਵਲਜੀਤ ਜਵੰਦਾ ਦਾ ਵੀ ਇਸ ਨੇਕ ਉਪਰਾਲੇ ਲਈ ਧੰਨਵਾਦ ਕੀਤਾ। ਇਸ ਮੌਕੇ ਮਨਜੋਤ ਸਿੰਘ ਜਵੰਦਾ, ਕੁਲਦੀਪ ਸਿੰਘ, ਜਸਪ੍ਰੀਤ ਸਿੰਘ, ਜਸਮੇਲ ਸਿੰਘ, ਚੰਦਰਨਾਥ ਯਾਦਵ, ਗੁਰਇਕਬਾਲ ਸਿੰਘ, ਰਘਵੀਰ ਸਿੰਘ ਸਿੱਧੂ ਮੈਨੇਜਰ ਰਮੇਸ਼ ਕੁਮਾਰ ਆਦਿ ਵੀ ਹਾਜ਼ਰ ਸਨ।

# ਵੋਟਰ ਉਰਫ਼ ਭੇਡਾਂ

ਸਾਡੇ ਮੂਰਖ਼ ਲੋਕ ਨਾ ਸਮਝਣਗੇ ,
ਕਦੇ ਭੇਤ ਸਿਆਸੀ ਖੇਡਾਂ ਦਾ ।

ਹੁੰਦਾ ਹੈ ਰੋਜ਼ ਨੇਤਾਵਾਂ ਦਾ ,
ਦਿਨ ਐਪਰਲ ਫੂਲ ਚਹੇਡਾਂ ਦਾ।



ਜਿਨ੍ਹਾਂ ਤਨ ,ਮਨ ,ਸੋਚਣ ਸ਼ਕਤੀ ਨੂੰ ,
ਕਿਤੇ ਗਹਿਣੇ ਧਰਿਆ ਹੁੰਦਾ ਹੈ ;

ਜਿਵੇਂ ਰੁਲਦੂ ਵੇਚਦੈ ਬੱਕਰੀਆਂ ,
ਬਾਬੇ ਸੌਦਾ ਮਾਰਦੇ ਭੇਡਾਂ ਦਾ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
**9914836037**

## ਸੰਸਥਾ ਵਰਗੇ ਲੋਕ





ਪੁੱਤ ਮਾਂ ਦੇ ਪਹਿਲ ਪਲੋਠੀ ਦੇ ,
ਮਾਂ ਬੋਲੀ ਨੂੰ ਸਤਿਕਾਰਦੇ ਨੇ ।
ਜੋ ਮਾਤ-ਭਾਸ਼ਾ ਦੀ ਮੁੜ ਮੁੜ ਕੇ ,
ਨਿੱਤ ਰਹਿੰਦੇ ਜ਼ੁਲਫ਼ ਸੰਵਾਰਦੇ ਨੇ।
ਬਿਜਲੀ ਬਿਲ ਤੇ ਬੋਰਡ ਦੁਕਾਨਾਂ ਦੇ,
ਕਰਵਾ ਕੇ ਗੁਰਮੁਖੀ ਲਿੱਪੀ ਵਿੱਚ ;
ਸਾਨੂੰ ਟੱਪਣੇ ਚਾਹੇ ਨਾ ਵੀ ਕਹੋ ,
ਸਾਡੇ ਚੇਲੇ ਛੜੱਪੇ ਮਾਰਦੇ ਨੇ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# "ਬਾਬਾ ਨਾਨਕ"

ਭਰਮਾਂ ਨੂੰ ਤੋੜ ਬਾਬਾ ਸੱਚੇ ਰਾਹ ਵਿਖਾਉਂਦਾ ਗਿਆ,
ਭੁੱਲੇ ਹੋਏ ਲੋਕਾਂ ਨੂੰ ਸੀ ਸਿੱਧੇ ਰਾਹੇ ਪਾਉਂਦਾ ਗਿਆ।

ਬੇਈ ਦੇ ਕਿਨਾਰੇ ਬੈਠ ਪਾਇਆ ਉਸ ਰੱਬ ਨੂੰ,
ਮੁੱਢ ਤੋਂ ਨਕਾਰ ਦਿੱਤਾ ਜਾਤਾਂ ਵਾਲੇ ਜੱਬ ਨੂੰ ,
ਇੱਕ ਉਹਨਾਂ ਦੱਸਿਆ ਸੀ, ਵੱਖ ਹੋਏ ਰੱਬ ਨੂੰ,
ਭਰਮ ਭੁਲੇਖੇ ਬਾਬਾ ਸਭ ਦੇ ਮਿਟਾਉਂਦਾ ਗਿਆ...

ਤੇਰਾ-ਤੇਰਾ ਤੋਲ ਉਹਨਾਂ, ਠੱਗੀ ਨੂੰ ਸੀ ਭੰਡਿਆ,
ਲੁੱਟ ਵਾਲਾ ਮਾਲ ਉਹਨਾਂ, ਵਾਰਸਾ ਨੂੰ ਵੰਡਿਆ,
ਰਾਹੋਂ ਭੁੱਲੇ ਲੋਕਾਂ ਨੂੰ, ਸੀ ਰਾਸਤੇ ਵਿਖਾਏ ਉਹਨਾਂ,
ਸੱਚ ਵਾਲਾ ਪੱਲਾ ਬਾਬਾ,ਸਭ ਨੂੰ ਫੜਾਉਂਦਾ ਗਿਆ.....

ਸਿੱਧਾਂ ਨੂੰ ਸੀ ਸਿੱਧੇ ਕੀਤਾ, ਸੱਚਿਆਂ ਵਿਚਾਰਾ ਨਾਲ,
ਆਰਤੀ ਉਚਾਰੀ ਬਾਬੇ, ਵੱਡਿਆਂ ਵਿਚਾਰਾਂ ਨਾਲ,
ਲਹੂ-ਦੁੱਧ ਵੱਖ ਕੀਤਾ, ਤਰਕ ਅਧਾਰਾ ਨਾਲ,
ਚੰਗੀ ਮਾੜੀ ਗੱਲ, ਬਾਬਾ ਸਾਰੀ ਖਾਨੇ ਪਾਉਂਦਾ ਗਿਆ...

ਪੰਡਿਤ,ਪੁਜਾਰੀ,ਕਾਜੀ,ਸੋਚਾਂ ਵਿੱਚ ਪਾਏ ਸਾਰੇ,
ਭਰਮਾਂ ਚੋਂ ਕੱਢ, ਸੱਚੇ ਰਸਤੇ ਤੇ ਪਾਏ ਸਾਰੇ,
ਗੋਸ਼ਟੀ,ਸੰਵਾਦ ਰਚੇ,ਭਰਮ ਮਿਟਾਉਣੇ ਲਈ,
ਰਾਹੋਂ ਖੁੰਝੇ ਰਾਹੀਆਂ ਨੂੰ, ਬਾਬਾ ਰਾਸਤੇ ਵਿਖਾਉਂਦਾ ਗਿਆ....

ਔਰਤ ਨੂੰ ਦਿੱਤਾ, ਸਨਮਾਨ ਪੂਰੇ ਜੱਗ ਵਿੱਚ,
ਉਚ-ਨੀਚ ਫੈਲੀ, ਸਾਰੇ ਚੋਂ, ਮਿਟਾਉਂਦਾ ਗਿਆ
ਚਾਰੇ ਹੀ ਦਿਸ਼ਾਵਾਂ ਵਿੱਚ, ਗਿਆਨ ਵਾਲਾ, ਵਾਲ ਦੀਵਾ,
ਦੁਨੀਆਂ ਨੂੰ ਗਿਆਨ, ਬ੍ਰਹਮੰਡ ਦਾ ਸਿਖਾਉਂਦਾ ਗਿਆ,....

ਨਾਮ-ਜਪੋ,ਕੀਰਤ-ਕਰੋ ਦਾ ਲਾਇਆ ਹੋਕਾਂ ਉਹਨਾਂ,
ਵੰਡ ਛਕੋ ਵਾਲਾ, ਬਾਬਾ ਲੰਗਰ ਛਕਾਉਂਦਾ ਗਿਆ,
ਸੰਦੀਪ ਇੱਕ ਓਕਾਂਰ ਵਾਲਾ ਮੰਤਰ ਜਪਾਕੇ, ਬਾਬਾ,
ਸਿੱਖੀ ਵਾਲੇ ਬੂਟੇ,ਦੀਆਂ ਜੜ੍ਹਾਂ ਚੁ ਪਾਣੀ ਪਾਉਂਦਾ ਗਿਆ...

ਭਰਮਾਂ ਨੂੰ ਤੋੜ ਬਾਬਾ ਸੱਚੇ ਰਾਹ ਵਿਖਾਉਂਦਾ ਗਿਆ,
ਭੁੱਲੇ ਹੋਏ ਲੋਕਾਂ ਨੂੰ ਸੀ ਸਿੱਧੇ ਰਾਹੇ ਪਾਉਂਦਾ ਗਿਆ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**

# ਮਿਹਰ

ਤੇਰੀ ਨਜ਼ਰ ਦੀਆਂ ਕਈ ਕੋਣਾਂ ਦੇਖਣ ਪਿੱਛੋਂ ਲੱਗਿਆ,
ਅਜੇ ਇਸ ਨਜ਼ਰ ਦੇ ਕਈ ਕੋਣ ਦੇਖਣੋ ਰਹਿ ਗਏ ਨੇ।
ਤੇਰੇ ਬੋਲਣ ਦੇ ਸੁੰਦਰ ਢੰਗ ਸੁਨਣ ਪਿੱਛੋਂ ਵੀ ਲੱਗਿਆ,
ਕਿ ਅਜੇ ਤਾਂ ਕਈ ਹੋਰ ਅੰਦਾਜ਼ ਸੁਨਣੋ ਰਹਿ ਗਏ ਨੇ।
ਤੇਰੀ ਕਾਰੀਗਰੀ ਦੇ ਅਣਗਿਣਤ ਹੁਨਰ ਦੇਖ ਲੱਗਿਆ,
ਅਜੇ ਤਾਂ ਬਹੁਤ ਅਦਭੁਤ ਦ੍ਰਿਸ਼ ਦੇਖਣੋ ਰਹਿ ਗਏ ਨੇ।
ਜਦ ਵੀ ਤੂੰ ਮਿਲਦੈ,ਨਵੇਂ ਆਕਾਰ,ਸਰੂਪ 'ਚ ਮਿਲਦੈ,
ਸੋਚਦਾ,ਤੇਰਾ ਹਰ ਰੂਪ ਹੀ ਮੈਨੂੰ ਕਿਉਂ ਚੰਗਾ ਲੱਗਿਆ?
ਮੈਂ ਜ਼ਿੰਦਗੀ 'ਚ ਜੋ ਵੀ ਜਾਣਕਾਰੀ ਤੇਰੀ ਲੈ ਸਕਿਆ,
ਜਾਪੇ ਕਿ ਅਜੇ ਤਾਂ ਪੂਨੀ ਵਿੱਚੋਂ ਤੰਦ ਵੀ ਨਹੀਂ ਕੱਤਿਆ।
ਦੇਖ! ਆਪਣੀ ਮਿਹਰ ਭਰਿਆ ਹੱਥ ਮੇਰੇ 'ਤੇ ਸਦਾ ਰੱਖੀ,
ਮੈਂ ਆਪਣੇ ਅੰਤ ਤੱਕ,ਕੇਵਲ ਤੈਨੂੰ ਹੀ ਜਾਨਣਾ ਲੋਚਾਂ,
ਜੋ ਤੇਰੀ ਮਿਹਰ ਸਦਕਾ ਹੀ ਪੂਰਾ ਹੋਵੇਗਾ,ਕਿਉਂਕਿ - -
"ਤੂ ਦਰੀਆਉ ਦਾਨਾ ਬੀਨਾ ਮੈਂ ਮਛੁਲੀ ਕੈਸੇ ਅੰਤੁ ਲਹਾ॥
ਜਹ ਜਹ ਦੇਖਾ ਤਹ ਤਹ ਤੂੰ ਹੈ ਤੁਝ ਸੇ ਨਿਕਸੀ ਫੂਟ ਮਰਾ॥"



**ਸੁਰਜੀਤ ਸਿੰਘ ਭੁੱਲਰ**

# ਵਰ੍ਹੇਗੰਢ ਮੁਬਾਰਕ



**ਮਨਪ੍ਰੀਤ ਸਿੰਘ ਤੇ ਮਨਪ੍ਰੀਤ ਕੌਰ ਵਾਸੀ ਮੋਰਿੰਡਾ (ਰੂਪਨਗਰ) ਨੇ ਵਿਆਹ ਦੀ 11ਵੀਂ ਵਰ੍ਹੇਗੰਢ ਮਨਾਈ।**

# ਅਮਰੀਕਾ ਅੱਗੇ ਆਤਮ ਸਮਰਪਣ ਕਰਨ ਵਾਲੀ ਮੋਦੀ ਸਰਕਾਰ ਤੁਰੰਤ ਅਸਤੀਫ਼ਾ ਦੇਵੇ : ਆਗੂ

## ਦੇਸ਼ ਵਿਆਪੀ ਹੜਤਾਲ ਸਬੰਧੀ ਏਟਕ ਅਤੇ ਸੀਟੂ ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਫਰੀਦਕੋਟ ਵਿੱਚ ਰੈਲੀ ਅਤੇ ਮੁਜ਼ਾਹਰਾ ਕਰਕੇ ਮਨਰੇਗਾ ਕਾਨੂੰਨ ਬਹਾਲ ਕਰਨ , ਚਾਰ ਲੇਬਰ ਕੋਡ ਰੱਦ ਕਰਨ ਅਤੇ ਹੋਰ ਮਸਲੇ ਤੁਰੰਤ ਹੱਲ ਕਰਨ ਦੀ ਕੀਤੀ ਮੰਗ

**ਫ਼ਰੀਦਕੋਟ (ਸ਼ਿਵਨਾਥ)** ਮੋਦੀ ਸਰਕਾਰ ਨੇ ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਦਬਾਅ ਅਗੇ ਗੋਡੇ ਟੇਕਦੇ ਹੋਏ ਦੇਸ਼ ਦੇ ਕਰੋੜਾਂ ਮਜ਼ਦੂਰਾਂ, ਕਿਸਾਨਾਂ ਅਤੇ ਮੁਲਾਜ਼ਮਾਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ, ਜਿਸ ਕਾਰਨ ਇਸ ਸਰਕਾਰ ਨੂੰ ਰਾਜ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ ਰਿਹਾ ਅਤੇ ਮੋਦੀ ਸਰਕਾਰ ਨੂੰ ਤੁਰੰਤ ਅਸਤੀਫਾ ਦੇ ਕੇ ਰਾਜ ਸੱਤਾ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਇਹ ਮੰਗ ਅੱਜ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਅਤੇ ਬੱਸ ਸਟੈਂਡ ਫਰੀਦਕੋਟ ਵਿਖੇ ਟਰੇਡ ਯੂਨੀਅਨ ਏਟਕ - ਸੀਟੂ ਅਤੇ ਪੀ ਆਰ ਟੀ ਸੀ ਦੇ 25/11 ਠੇਕਾ ਮੁਲਾਜਮਾਂ ਵੱਲੋਂ ਸਾਂਝੇ ਤੌਰ ਤੇ ਰੈਲੀ ਕਰਕੇ ਕੀਤੀ ਗਈ। ਇਸ ਰੈਲੀ ਵਿੱਚ ਮਨਰੇਗਾ ਮਜ਼ਦੂਰਾਂ, ਖੇਤ ਮਜ਼ਦੂਰਾਂ, ਪੈਨਸ਼ਨਰਾਂ, ਆਸ਼ਾ ਵਰਕਰਾਂ ,ਕੁੱਲ ਹਿੰਦ ਕਿਸਾਨ ਸਭਾ ਅਤੇ ਪੀ ਆਰ ਟੀ ਸੀ ਦੇ ਠੇਕਾ ਮੁਲਾਜ਼ਮਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਅੱਜ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ, ਜਨਤਕ ਜਥੇਬੰਦੀਆਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਸਮਰਥਨ ਨਾਲ ਮੋਦੀ ਸਰਕਾਰ ਵੱਲੋਂ ਪਿਛਲੇ ਦਿਨੀ ਨੋਟੀਫਾਈ ਕੀਤੇ ਗਏ ਮਜਦੂਰ ਵਿਰੋਧੀ ਚਾਰ ਲੇਬਰ ਕੋਡ ਰੱਦ ਕਰਵਾਉਣ, ਬਿਜਲੀ ਖੇਤਰ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰਨ ਵਾਲਾ 'ਬਿਜਲੀ ਸੋਧ ਐਕਟ 2025 ਰੱਦ ਕਰਵਾਉਣ, ਮਨਰੇਗਾ ਕਾਨੂੰਨ ਬਹਾਲ ਕਰਕੇ ਦਿਹਾੜੀ 700 ਰੁਪਏ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਵਾਉਣ, ਸਕੀਮ ਵਰਕਰਾਂ ਅਤੇ ਹੋਰ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਕੇ ਘੱਟੋ ਘੱਟ ਤਨਖਾਹ 26000 ਰੁਪਏ ਨਿਸ਼ਚਿਤ ਕਰਵਾਉਣ ,ਠੇਕੇਦਾਰੀ ਪ੍ਰਥਾ ਅਤੇ ਨਿੱਜੀਕਰਨ ਦੀਆਂ ਨੀਤੀਆਂ ਖਤਮ ਕਰਵਾਉਣ, ਦਿਨੋ ਦਿਨ ਵੱਧ ਰਹੀ ਮਹਿੰਗਾਈ ਨੂੰ ਠੱਲ੍ਹ ਪਾਉਣ , ਸਾਰੀਆਂ ਫ਼ਸਲਾਂ ਲਈ 'ਘੱਟ ਤੋਂ ਘੱਟ ਸਮਰਥਨ ਮੁੱਲ' ਕਾਨੂੰਨ ਲਾਗੂ ਕਰਨ ਅਤੇ ਨਵਾਂ ਬੀਜ ਬਿੱਲ ਰੱਦ ਕਰਨ ਆਦਿ ਮੁੱਦਿਆਂ ਨੂੰ ਲੈ ਕੇ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ। ਫਰੀਦਕੋਟ ਦੇ ਬੱਸ ਅੱਡੇ ਤੇ ਠੇਕਾ ਮੁਲਾਜਮਾਂ ਵੱਲੋਂ ਪੀਆਰ ਟੀ ਸੀ ਦੀਆਂ ਬੱਸਾਂ ਦਾ ਚੱਕਾ ਜਾਮ ਕਰਕੇ ਰੱਖਿਆ ਗਿਆ। ਇਸ ਮੌਕੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਪੰਜਾਬ ਖੇਤ ਮਜ਼ਦੂਰ ਸਭਾ , ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਆਗੂ ਕਾਮਰੇਡ ਵੀਰ ਸਿੰਘ ਕੰਮੇਆਣਾ,ਗੋਰਾ ਪਿੱਪਲੀ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਸੁਖਜਿੰਦਰ ਸਿੰਘ



ਤੂੰਬੜਭੰਨ, ਸੀਟੂ ਦੇ ਆਗੂ ਕਾਮਰੇਡ ਅਸ਼ਵਨੀ ਕੁਮਾਰ, ਸਿਕੰਦਰ ਸਿੰਘ ਔਲਖ਼, ਪੈਨਸ਼ਨਰ ਆਗੂ ਚੰਦ ਸਿੰਘ ਡੋਡ,ਹਰਪਾਲ ਸਿੰਘ ਮਚਾਕੀ, ਗੁਰਚਰਨ ਸਿੰਘ ਮਾਨ, ਕੁਲਵੰਤ ਸਿੰਘ ਚਾਨੀ, ਇੰਦਰਜੀਤ ਸਿੰਘ ਗਿੱਲ, ਕਲਾਸ ਫ਼ੋਰ ਗੌਰਮਿੰਟ ਇੰਪਲਾਈਜ ਯੂਨੀਅਨ ਦੇ ਆਗੂ ਬਲਕਾਰ ਸਿੰਘ ਸਹੋਤਾ ਜਰਨਲ ਸਕੱਤਰ ਦੀ ਫੌਰਥ ਕਲਾਸ , ਅਮਰਜੀਤ ਕੌਰ ਰਣ ਸਿੰਘ ਵਾਲਾ ਸੂਬਾ ਪ੍ਰਧਾਨ ਆਸ਼ਾ ਵਰਕਰ ਯੂਨੀਅਨ , ਕ੍ਰਿਸ਼ਨਾ ਦੇਵੀ ਔਲਖ ਆਂਗਣਵਾੜੀ ਵਰਕਰ ਆਗੂ, ਸ਼ਵਿੰਦਰ ਪਾਲ ਸਿੰਘ ਸੰਧੂ ਬੈਂਕ ਮੁਲਾਜ਼ਮ ਆਗੂ, ਸੁਖਦੇਵ ਸਿੰਘ ਮੱਲੀ ,ਚਮਕੌਰ ਸਿੰਘ,ਸੁਖਚਰਨ ਸਿੰਘ, ਹਰਮੀਤ ਸਿੰਘ , ਬਬਲਦੀਪ ਸਿੰਘ, ਕੁਲਦੀਪ ਸਿੰਘ, ਰਜਿੰਦਰ ਸਿੰਘ ਆਗੂ ਪੀ ਆਰ ਟੀ ਸੀ, ਠੇਕਾ ਮੁਲਾਜ਼ਮ ਯੂਨੀਅਨ 25/11 ਦੇ ਸੀਨੀਅਰ ਆਗੂ ਹਰਪ੍ਰੀਤ ਸਿੰਘ ਸੋਢੀ, ਧਰਮਿੰਦਰ ਸਿੰਘ, ਹਰਚਰਨ ਸਿੰਘ, ਹਰਦੀਪ ਸਿੰਘ, ਨਰੇਗਾ ਮਜ਼ਦੂਰਾਂ ਦੇ ਆਗੂ ਰੇਸ਼ਮ ਸਿੰਘ ਜਟਾਣਾ, ਰੇਸ਼ਮ ਸਿੰਘ ਮੱਤਾ, ਜਗਤਾਰ ਸਿੰਘ ਸਾਬਕਾ ਸਰਪੰਚ ਭਾਣਾ ਨੇ ਆਪਣੇ ਸੰਬੋਧਨ ਵਿੱਚ ਦੋਸ਼ ਲਾਇਆ ਕਿ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਲਗਾਤਾਰ ਲੋਕ ਵਿਰੋਧੀ ਨੀਤੀਆਂ ਲਾਗੂ ਕਰਕੇ ਆਜ਼ਾਦੀ ਤੋਂ ਬਾਅਦ ਮਿਹਨਤਕਸ਼ ਲੋਕਾਂ ਵੱਲੋਂ ਆਪਣੇ ਸੰਘਰਸ਼ਾਂ ਰਾਹੀਂ ਉਸਾਰੇ ਗਏ ਪਬਲਿਕ ਸੈਕਟਰ ਅਤੇ ਕੀਤੀਆਂ ਗਈਆਂ ਹੋਰ ਪ੍ਰਾਪਤੀਆਂ ਨੂੰ ਲਗਾਤਾਰ ਖੋਰਾ ਲਗਾਉਂਦੇ ਹੋਏ ਨਿੱਜੀਕਰਨ ਨੂੰ ਉਤਸ਼ਾਹਤ ਕਰ ਰਹੀ ਹੈ ਤੇ ਮਜ਼ਦੂਰਾਂ , ਕਿਸਾਨਾਂ , ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਜਨ ਸਾਧਾਰਨ ਦੇ ਹੋਰ ਲੋਕਾਂ ਦੇ ਖਿਲਾਫ ਫੈਸਲੇ ਲੈ ਰਹੀ ਹੈ। ਇਸ ਤੋਂ ਇਲਾਵਾ ਸਾਡੇ ਦੇਸ਼ ਦੇ ਧਰਮ ਨਿਰਪੱਖਤਾ ਵਾਲੇ ਸੰਵਿਧਾਨ ਨਾਲ ਛੇੜਛਾੜ ਕਰਕੇ ਭਾਸ਼ਾ, ਧਰਮ ਅਤੇ ਜਾਤ ਆਧਾਰਤ ਵੰਡੀਆਂ ਪਾ ਕੇ ਆਪਣਾ ਫਿਰਕੂ ਰੰਗ ਲਾਗੂ ਕਰਨ ਵਾਲੇ ਪਾਸੇ ਬਹੁਤ ਤੇਜ਼ੀ ਨਾਲ ਕਦਮ ਅੱਗੇ ਵਧਾ ਰਹੀ ਹੈ।

ਰੈਲੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀਆਰਟੀਸੀ ,ਪੰਜਾਬ ਰੋਡਵੇਜ਼ ਵਿੱਚ ਅਤੇ ਹੋਰ ਵੱਖ ਵੱਖ ਵਿਭਾਗਾਂ ਵਿੱਚ ਠੇਕਾ ਪ੍ਰਣਾਲੀ ਅਤੇ ਆਊਟਸੋਰਸ ਰਾਹੀਂ ਕੰਮ ਕਰਦੇ ਮੁਲਾਜ਼ਮਾਂ ਨੂੰ ਤੁਰੰਤ ਪੂਰੀਆਂ ਤਨਖਾਹਾਂ ਸਮੇਤ ਰੈਗੂਲ ਕੀਤਾ ਜਾਵੇ। ਸੰਘਰਸ਼ ਦੌਰਾਨ ਜੇਲਾਂ ਵਿੱਚ ਬੰਦ ਕੀਤੇ ਹੋਏ ਸਮੂਹ ਮੁਲਾਜ਼ਮ ਤੁਰੰਤ ਬਿਨਾਂ ਸ਼ਰਤ ਰਿਹਾ ਕੀਤੇ ਜਾਣ।ਇੱਕ ਹੋਰ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮੋਦੀ ਸਰਕਾਰ ਦੇ 'ਪੈਰ ਵਿਚ ਪੈਰ ਧਰਨਾ' ਬੰਦ ਕਰਕੇ ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰੇ ਅਤੇ ਮਹਿੰਗਾਈ ਭੱਤੇ ਦੀਆਂ ਪੰਜ ਕਿਸ਼ਤਾਂ ਤੁਰੰਤ ਜਾਰੀ ਕਰੇ।

ਰੈਲੀ ਉਪਰੰਤ ਸ਼ਹੀਦ ਅਮੋਲਕ ਸਿੰਘ ਔਲਖ ਭਵਨ ਤੋਂ ਬੱਸ ਸਟੈਂਡ ਤੱਕ ਮੋਦੀ ਸਰਕਾਰ ਦੇ ਖਿਲਾਫ ਨਾਹਰਿਆਂ ਦੀ ਗੂੰਜ ਵਿੱਚ ਰੋਸ ਮਾਰਚ ਕੀਤਾ ਗਿਆ ਅਤੇ ਤਿੱਖੀ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਗੁਰਦੀਪ ਭੋਲਾ, ਸੋਮ ਨਾਥ ਅਰੋੜਾ, ਬੋਹੜ ਸਿੰਘ ਔਲਖ, ਮੁਖਤਿਆਰ ਸਿੰਘ ਭਾਣਾ, ਗੁਰਦੀਪ ਸਿੰਘ, ਜਗਤਾਰ ਸਿੰਘ ਰਾਜੋਵਾਲਾ, ਤਰਸੇਮ ਨਰੂਲਾ, ਇਕਬਾਲ ਸਿੰਘ ਮੰਗੇੜਾ, ਸ਼ਿਵ ਕੁਮਾਰ ਸ਼ਰਮਾ ਔਲਖ, ਚਰਨ ਸਿੰਘ, ਸੋਹਣ ਸਿੰਘ, ਸੁਖਦਰਸ਼ਨ ਰਾਮ ਸ਼ਰਮਾ, ਗੁਰਦੀਪ ਸਿੰਘ ਕੰਮੇਆਣਾ, ਸੁਖਮੰਦਰ ਸਿੰਘ, ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਆਸ਼ਾ ਵਰਕਰ ਆਗੂ ਸੁਖਮੰਦਰ ਕੌਰ ਮੱਤਾ , ਸੁਰਜੀਤ ਕੌਰ ਅਜਿੱਤ ਗਿੱਲ, ਸਿੰਬਲਜੀਤ ਕੌਰ, ਗੁਰਮੀਤ ਕੌਰ ਚੈਨਾ, ਸਵਰਨਜੀਤ ਕੌਰ ਸਰਾਵਾਂ ਗੁਰਵਿੰਦਰ ਕੌਰ ਔਲਖ, ਰਾਣੀ ਕੌਰ ਖਾਰਾ, ਲਵਪ੍ਰੀਤ ਕੌਰ ਮੇਟ, ਲਖਵਿੰਦਰ ਸਿੰਘ ਪਿੱਪਲੀ, ਬਲਵੀਰ ਸਿੰਘ, ਰੁਪਿੰਦਰ ਕੌਰ ਔਲਖ, ਸਰਬਜੀਤ ਚੰਦ ਬਾਜਾ, ਗੁਰ-ਚਰਨ ਔਲਖ, ਹਰਪ੍ਰੀਤ ਕੌਰ ਮੇਟ, ਵੀਰਪਾਲ ਕੌਰ, ਸਰਬਜੀਤ ਕੌਰ ਚੰਦ ਬਾਜਾ ਆਦਿ ਵੱਡੀ ਗਿਣਤੀ ਵਿੱਚ ਮੁਲਾਜ਼ਮ ਅਤੇ ਮਜ਼ਦੂਰ ਸ਼ਾਮਿਲ ਸਨ।

# ਐੱਚ.ਐੱਸ. ਬੇਦੀ ਦੀ ਪੋਤਰੀ ਇਨਾਇਤ ਨੇ ਸ਼ਹਿਰ ਦਾ ਨਾਂਅ ਚਮਕਾਇਆ : ਢੋਸੀਵਾਲ

## ਅੰਤਰ ਰਾਸ਼ਟਰੀ ਸਕੇਟਿੰਗ ਮੁਕਾਬਲੇ ਲਈ ਹੋਈ ਚੋਣ

**ਸ੍ਰੀ ਮੁਕਤਸਰ ਸਾਹਿਬ ( ਸ਼ਿਵਨਾਥ)** ਸ਼ਹਿਰ ਦੀ ਸਭ ਤੋਂ ਪੁਰਾਣੀ ਬੇਦੀ ਨਿਊਜ਼ ਏਜੰਸੀ ਦੇ ਮਾਲਕ ਅਤੇ ਪ੍ਰਸਿੱਧ ਪੱਤਰਕਾਰ ਹਰਮਹਿੰਦਰ ਪਾਲ ਸਿੰਘ ਬੇਦੀ ਦੀ ਪੋਤਰੀ ਇਨਾਇਤ ਕੌਰ ਬੇਦੀ ਅੰਤਰ ਰਾਸ਼ਟਰੀ ਸਕੇਟਿੰਗ ਮੁਕਾਬਲੇ ਲਈ ਚੁਣੀ ਗਈ ਹੈ। ਛੇ ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੇ ਚੇਨਈ ਵਿਖੇ ਹੋਏ ਮੁਕਾਬਲੇ ਵਿੱਚ ਜੇਤੂ ਰਹਿ ਕੇ ਇਨਾਇਤ ਦੀ ਉਕਤ ਮੁਕਾਬਲੇ ਲਈ ਚੋਣ ਹੋਈ ਹੈ। ਹੋਣਹਾਰ ਬਿਰਵਾਨ ਕੇ ਚਿਕਨੇ-ਚਿਕਨੇ ਪਾਤ ਦੀ ਕਹਾਵਤ ਨੂੰ ਸੱਚ ਸਾਬਤ ਕਰਦੇ ਹੋਏ ਇਸ ਮਾਣਮੱਤੀ ਚੋਣ ਨਾਲ ਇਨਾਇਤ ਨੇ ਸਮੁੱਚੇ ਸ਼ਹਿਰ ਅਤੇ ਇਲਾਕੇ ਦਾ ਨਾਂਅ ਚਮਕਾਇਆ ਹੈ। ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਿ-ਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ



ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਇਨਾਇਤ (ਸਪੁੱਤਰੀ ਧਨਮੀਤ ਸਿੰਘ ਬੇਦੀ ਅਤੇ ਨਿਧੀ ਬੇਦੀ) ਦੀ ਅੰਤਰ ਰਾਸ਼ਟਰੀ ਪੱਧਰ ਦੀ ਇਸ ਸ਼ਾਨਦਾਰ ਚੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਸਮੁੱਚੇ ਬੇਦੀ ਪਰਿਵਾਰ ਨੂੰ ਵਧਾਈ ਦਿੱਤੀ ਹੈ। ਢੋਸੀਵਾਲ ਨੇ ਕਿਹਾ ਹੈ ਕਿ ਇਨਾਇਤ ਵਰਗੇ ਪ੍ਰਤਿਭਾਸ਼ਾਲੀ ਛੋਟੇ ਬੱਚੇ ਹੀ ਵੱਡੇ ਹੋ ਕੇ ਭਵਿੱਖ ਵਿੱਚ ਦੇਸ਼ ਦਾ ਨਾਂਅ ਰੋਸ਼ਨ ਕਰਦੇ ਹਨ। ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਡਾ. ਸੁਰਿੰਦਰ ਗਿਰਧਰ ਤੇ ਪ੍ਰਦੀਪ ਧੂੜੀਆ (ਦੋਵੇਂ ਪੈਟਰਨ), ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਲੋਕ ਸੰਪਰਕ ਵਿੰਗ ਦੇ ਡਿਪਟੀ ਡਾਇਰੈਕਟਰ ਵਿਜੇ ਸਿਡਾਨਾ, ਡਿਪਟੀ ਡਾਇਰੈਕਟਰ ਸਾਹਿਲ ਕਾਰ ਹੈਪੀ, ਸੀਨੀਅਰ ਆਗੂ ਤੇ ਨਗਰ ਕੌਂਲ ਦੇ ਸਾਬਕਾ ਉਪ ਪ੍ਰਧਾਨ ਰਵਿੰਦਰ ਕਟਾਰੀਆ, ਬਲਜੀਤ ਸਿੰਘ ਅਰੋੜਾ,ਚੌ: ਬਲਬੀਰ ਸਿੰਘ ਸਮੇਤ ਰਜਿੰਦਰ ਖੁਰਾਣਾ ਅਤੇ ਵਿਕ੍ਰਾਂਤ ਤੇਰੀਆ ਨੇ ਵੀ ਇਨਾਇਤ ਦੀ ਚੋਣ 'ਤੇ ਬੇਦੀ ਪਰਿਵਾਰ ਨੂੰ ਵਧਾਈ ਦਿੱਤੀ ਹੈ। ਪ੍ਰਧਾਨ ਢੋਸੀਵਾਲ ਨੇ ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਹੈ ਕਿ ਮਿਸ਼ਨ ਵੱਲੋਂ ਜਲਦੀ ਹੀ ਇਨਾਇਤ ਨੂੰ ਸਨਮਾਨਿਤ ਕੀਤਾ ਜਾਵੇਗਾ।


# ਬਾਬਾ ਗੰਡਾ ਸਿੰਘ ਪਬਲਿਕ ਸਕੂਲ ਲਾਂਗੜੀਆਂ ਵਿਖੇ ਬਾਲ ਮੇਲਾ "ਸੱਜਰੀ ਸਵੇਰ" ਕਰਵਾਇਆ ਗਿਆ

**ਅਮਰਗੜ੍ਹ (ਕੁਲਵੰਤ ਸਿੰਘ ਮੁਹਾਲੀ)** ਅਮਰਗੜ੍ਹ ਇਲਾਕੇ ਦੀ ਵਿੱਦਿਆ ਦੇ ਖੇਤਰ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਬਾਬਾ ਗੰਡਾ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਲਾਂਗੜੀਆਂ (ਅਮਰਗੜ੍ਹ) ਵੱਲੋਂ ਮਿਤੀ 12 ਫਰਵਰੀ 2026 (ਵੀਰਵਾਰ) ਨੂੰ ਬਾਲ ਮੇਲਾ (ਸੱਜਰੀ ਸਵੇਰ) ਕਰਵਾਇਆ ਗਿਆ। ਜਿਸ ਦੀ ਸ਼ੁਰੂਆਤ ਸਕੂਲ ਦੇ ਡਾਇਰੈਕਟਰ ਮੈਡਮ ਤਾਨੀਆ ਜੈਨ ਨੇ ਸ਼ਮਾ ਰੋਸ਼ਨ ਕਰ ਕੇ ਕੀਤੀ।ਬਾਲ ਮੇਲੇ ਵਿੱਚ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਵੱਲੋਂ ਵੱਖ-2 ਤਰ੍ਹਾਂ ਦੇ ਵਿਸ਼ੇਸ਼ ਪ੍ਰੋਗਰਾਮ ਜਿਵੇਂ ਵਿਆਹ ਗੀਤ, ਫੈਸ਼ਨ ਸ਼ੋਅ, ਸਰਪ੍ਰਾਈਜ਼ ਗੇਮਜ਼ ਪੇਸ਼ ਕੀਤੀਆਂ ਗਈਆ। ਇਸ ਤੋਂ ਇਲਾਵਾ ਇਸ ਬਾਲ ਮੇਲੇ ਵਿੱਚ ਵਿਦਿਆਰਥੀਆਂ ਵੱਲੋਂ ਫਨ ਗੇਮਜ਼,




ਫੂਡ ਸਟਾਲ, ਵਿਗਿਆਨ ਪ੍ਰਦਰਸ਼ਨੀ ਅਤੇ ਸੱਭਿਆਚਾਰਕ ਪ੍ਰੋਗਰਾਮ ਦੀ ਪੇਸ਼ਕਾਰੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ। ਇਸ ਮੇਲੇ ਦਾ ਵਿਸ਼ੇਸ਼ ਆਕਰਸ਼ਣ-ਸਾਰਿਆਂ ਲਈ ਐਂਟਰੀ ਮੁਫਤ ਸੀ, ਜਿਸ ਵਿੱਚ ਲੱਕੀ ਡਰਾਅ ਰਾਹੀਂ ਬਹੁਤ ਸਾਰੇ ਇਨਾਮ ਜਿੱਤੇ ਗਏ।ਸਮਾਗਮ ਦੇ ਅੰਤ ਵਿੱਚ ਸਕੂਲ ਦੇ ਪਿੰਸੀਪਲ ਸ੍ਰੀ ਸੋਮ ਪ੍ਰਕਾਸ਼ ਨੇ ਸਭ ਦਾ ਧੰਨਵਾਦ ਕੀਤਾ।ਇਸ ਪ੍ਰੋਗਰਾਮ ਵਿੱਚ ਸਕੂਲ ਪ੍ਰਬੰਧਕ ਨਿਖਿਲ ਜੈਨ, ਪਿੰਸੀਪਲ ਨੀਤੀ ਕੋਚਰ ਪਠਾਨਕੋਟ, ਪਿੰਸੀਪਲ ਗੁਰਜੀਤ ਕੌਰ, ਐਮ.ਸੀ ਜਸਵਿੰਦਰ ਸਿੰਘ ਦੱਦੀ, ਹਰਸ਼ ਸਿੰਗਲ, ਐਮ.ਸੀ ਸ਼ੇਰ ਸਿੰਘ, ਅਰੁਣ ਕੁਮਾਰ, ਸਮੂਹ ਪੱਤਰਕਾਰ ਭਾਈਚਾਰਾ, ਵਾਈਸ ਪ੍ਰਿੰਸੀਪਲ ਜਗਤਾਰ ਸਿੰਘ, ਡਿਪਟੀ ਸੁਪਰਡੰਟ ਕਮਲਜੀਤ ਸਿੰਘ ਸ਼ੇਰਗਿਲ, ਕੋਆਰਡੀਨੇਟਰ ਮਨਪ੍ਰੀਤ ਕੌਰ, ਅਮਨਦੀਪ ਕੌਰ, ਸੰਜੇ ਸਰਮਾਂ ਤੇ ਸਮੂਹ ਸਟਾਫ ਹਾਜਰ ਸੀ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਮੀਟਿੰਗ ਮੁਲਤਵੀ ਕਰਨ ਦਾ ਲਿਆ ਗੰਭੀਰ ਨੋਟਿਸ



**ਹਰਜਿੰਦਰ ਸਿੰਘ ਚੰਦੀ)** – ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਨੇ ਪੰਜਾਬ ਸਰਕਾਰ ਵੱਲੋਂ ਮਜ਼ਦੂਰ ਜਥੇਬੰਦੀਆਂ ਨੂੰ 10 ਫਰਵਰੀ ਦੀ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗ ਮੁਅਤਲ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਸੰਗਰੂਰ ਪ੍ਰਸ਼ਾਸਨ ਦੀ ਇਸ ਵਾਅਦਾ ਖਿਲਾਫੀ ਵਿਰੁੱਧ ਜਥੇਬੰਦੀ ਸਾਰੇ ਪੰਜਾਬ ਵਿੱਚ ਮਜ਼ਦੂਰਾਂ ਦੀ ਲਾਮਬੰਦੀ ਤੇਜ਼ ਕਰੇਗੀ ਤਾਂ ਕਿ 18 ਫਰਵਰੀ ਨੂੰ ਮੁੱਖ ਮੰਤਰੀ ਪੰਜਾਬ ਦੇ ਘਰ ਦੇ ਘਰਾਓ ਨੂੰ ਸਫਲ ਬਣਾਇਆ ਜਾ ਸਕੇ ਉਹਨਾ ਨੇ ਕਿਹਾ ਕਿ18 ਫਰਵਰੀ ਦੇ ਘਰਾਓ ਲਈ ਪੰਜਾਬ ਸਰਕਾਰ ਅਤੇ ਸੰਗਰੂਰ ਪ੍ਰਸ਼ਾਸਨ ਜਿੰਮੇਵਾਰ ਹੈ। ਪ੍ਰਸ਼ਾਸਨ ਤੇ ਦੋਸ਼ ਲਾਉਂਦਿਆਂ ਕਿਹਾ ਕਿ ਮੁਕੇਸ਼ ਮਲੌਦ ਦੀ ਰਿਹਾਈ ਅਤੇ ਜਮੀਨੀ ਮੁੱਦਿਆਂ ਦੇ ਮਾਮਲੇ ਵਿੱਚ ਜਥੇਬੰਦੀਆਂ ਨਾਲ ਕੀਤੇ ਗਏ ਵਾਅਦੇ ਤੋਂ ਪਿੱਛੇ ਹਟ ਰਹੇ ਹਨ। ਸੰਗਰੂਰ ਪ੍ਰਸ਼ਾਸਨ ਆਪਣੇ ਵਾਅਦੇ ਮੁਤਾਬਕ ਨਾ ਤਾਂ ਸਰਕਾਰ ਨਾਲ 10 ਫਰਵਰੀ ਦੀ ਮੀਟਿੰਗ ਦੀ ਮੁਅੱਤਲੀ ਤੋਂ ਬਾਅਦ ਨਾ ਅਗਲੀ ਮੀਟਿੰਗ ਲੈ ਕੇ ਦਿੱਤੀ ਅਤੇ ਨਾ ਹੀ ਸੰਗਰੂਰ ਪ੍ਰਸ਼ਾਸਨ ਵੱਲੋਂ ਮੁਕੇਸ਼ ਮਲੌਦ ਦੀ ਰਿਹਾਈ ਲਈ ਆਪਣੇ ਵਾਅਦੇ ਮੁਤਾਬਕ ਕੋਈ ਵੀ ਵਾਅਦਾ ਪੂਰਾ ਕੀਤਾ ਹੈ। ਜਿਸ ਕਾਰਨ 18 ਫਰਵਰੀ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਘਰ ਦਾ ਘਰਾਓ ਕਰਨ ਲਈ ਸੰਘਰਸ਼ ਵਿੱਚ ਸ਼ਾਮਿਲ ਜਥੇਬੰਦੀਆਂ ਨੇ ਲਾਮਬੰਦੀ ਤੇਜ਼ ਕਰਨ ਦਾ ਫੈਸਲਾ ਲੈਂਦਿਆਂ ਇਨਸਾਫ ਪਸੰਦ ਲੋਕਾਂ ਨੂੰ 18 ਫਰਵਰੀ ਨੂੰ ਵੱਡੀ ਗਿਣਤੀ ਵਿੱਚ ਸੰਗਰੂਰ ਪਹੁੰਚਣ ਦੀ ਅਪੀਲ ਕੀਤੀ।

# ਡਾ. ਸੁਖਵਿੰਦਰ ਕੁਮਾਰ ਸੁੱਖੀ ਐਮ ਐਲ ਏ ਬੰਗਾ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਅਤੇ ਪੰਚਾਇਤ ਵੱਲੋਂ ਮੰਗ ਪੱਤਰ ਸੌਂਪਿਆ ਗਿਆ



**ਬੰਗਾ (ਚਰਨਜੀਤ ਸੱਲ੍ਹਾਂ )** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਜਨਮ ਦਿਹਾੜੇ ਦੀਆਂ ਖੁਸ਼ੀਆਂ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਗੁਰਦੁਆਰਾ ਸੱਲ੍ਹ ਕਲਾਂ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਅਤੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ।ਡਾ ਸੁਖਵਿੰਦਰ ਕੁਮਾਰ ਸੁੱਖੀ ਐਮ ਐਲ ਏ ਬੰਗਾ ਲੇਟ ਹੋ ਗਏ ਪਰ ਫਿਰ ਵੀ ਐਮ ਐਲ ਏ ਸਾਹਿਬ ਮੀਟਿੰਗਾਂ ਜ਼ਿਆਦਾ ਹੋਣ ਕਰਕੇ ਲੇਟ ਹੋ ਗਏ। ਉਨ੍ਹਾਂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਦਿਹਾੜੇ ਦੀਆਂ ਸਮੂੰਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ।ਬਾਅਦ ਵਿੱਚ ਨਗਰ ਨਿਵਾਸੀ, ਪਿੰਡ ਦੀ ਪੰਚਾਇਤ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਮ ਐਲ ਏ ਸਾਹਿਬ ਨੂੰ ਆਪਣੀਆਂ ਸਮੱਸਿਆਵਾਂ ਨੂੰ ਲੈਕੇ ਇੱਕ ਮੰਗ ਪੱਤਰ ਸੌਂਪਿਆ ਅਤੇ ਉਮੀਦ ਜ਼ਾਹਿਰ ਕੀਤੀ ਕਿ ਤੁਸੀਂ ਸਾਡੀ ਇਹ ਸਮੱਸਿਆ ਨੂੰ ਦੂਰ ਕਰੋਗੇ।ਡਾ ਸੁਖਵਿੰਦਰ ਕੁਮਾਰ ਸੁੱਖੀ ਨੇ ਭਰੋਸਾ ਦਿੱਤਾ ਕਿ ਤੁਹਾਡੀ ਸਮੱਸਿਆ ਦਾ ਹੱਲ ਕਰਨ ਦੀ ਕੋਸ਼ਿਸ਼ ਕਰਾਂਗਾ। ਇਸ ਮੌਕੇ ਤੇ ਸੋਹਣ ਲਾਲ ਢੰਡਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਹਰਪ੍ਰੀਤ ਕੁਮਾਰ ਸਰਪੰਚ, ਜਗਦੀਸ਼ ਲਾਲ ਸਾਬਕਾ ਸਰਪੰਚ, ਚਰਨਜੀਤ ਸਿੰਘ ਨੰਬਰਦਾਰ, ਕਿਸ਼ਨ ਚੰਦ ਮਿਸਤਰੀ, ਪਰਮਜੀਤ ਬੰਗਾ ਪ੍ਰਧਾਨ, ਪਰਮਜੀਤ ਸਿੰਘ ਘੋਗੀ, ਗੁਰਦੀਪ ਸਿੰਘ ਦੀਪੂ, ਮੰਗਾਂ ਭੱਟੀ, ਨਰਿੰਦਰ ਬੰਗਾ,ਰਵੀ ਕੁਮਾਰ ਬੰਗਾ,ਗੋਰਾ, ਆਸ਼ਾ ਰਾਣੀ, ਸੁਖਵਿੰਦਰ ਕੌਰ, ਕਿਰਨਪ੍ਰੀਤ ਕੌਰ ਪੰਚ, ਸਰਬਜੀਤ ਕੌਰ ਆਂਗਨਵਾੜੀ ਵਰਕਰ, ਹਰਭਜਨ ਕੌਰ ਅਤੇ ਸੰਗਤਾਂ ਹਾਜ਼ਰ ਸਨ।

# ਆਂਗਨਵਾੜੀ ਸੁਪਰਵਾਈਜ਼ਰਾਂ ਅਤੇ ਵਰਕਰਾਂ ਲਈ ਬਾਲ ਅਧਿਕਾਰਾਂ, ਜੁਵੇਨਾਇਲ ਜਸਟਿਸ ਐਕਟ ਅਤੇ ਪੌਕਸੋ ਐਕਟ ਸਬੰਧੀ ਲਗਾਈ ਗਈ ਟ੍ਰੇਨਿੰਗ ਵਰਕਸ਼ਾਪ



**ਨਵਾਂਸ਼ਹਿਰ/ ਬੰਗਾ, (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ, ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਬਲਾਕ ਬੰਗਾ ਅਧੀਨ ਆਉਣ ਵਾਲੀਆਂ ਆਂਗਣਵਾੜੀ ਵਰਕਰਾਂ ਅਤੇ ਸੁਪਰਵਾਈਜ਼ਰਾਂ ਨੂੰ ਬਾਲ ਅਧਿਕਾਰਾਂ, ਜੇ ਜੇ ਐਕਟ ਅਤੇ ਪੋਕਸੋ ਐਕਟ ਸਬੰਧੀ ਜਾਗਰੂਕ ਕਰਨ ਲਈ ਬੀਡੀਪੀਓ ਦਫਤਰ ਵਿਖੇ ਟ੍ਰੇਨਿੰਗ ਵਰਕਸ਼ਾਪ ਲਗਾਈ ਗਈ। ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਨੇ ਜੁਵੇਨਾਇਲ ਜਸਟਿਸ ਐਕਟ ਬਾਰੇ ਜਾਣਕਾਰੀ ਦਿੱਤੀ ਅਤੇ ਮਿਸ਼ਨ ਵਾਅਤਲਿਆ ਸਕੀਮ ਅਧੀਨ ਬੱਚਿਆਂ ਦੀ ਸੁਰੱਖਿਆ ਨਾਲ ਸੰਬੰਧਿਤ ਦਿੱਤੇ ਗਏ ਪ੍ਰੋਵੀਜ਼ਨਸ ਬਾਰੇ ਜਾਣੂ ਕਰਵਾਇਆ। ਉਹਨਾਂ ਵੱਲੋਂ ਛੋਟੀ ਉਮਰ ਵਿੱਚ ਬੱਚਿਆਂ ਤੋਂ ਮਜਦੂਰੀ ਨਾ ਕਰਵਾਉਣ ਅਤੇ ਬਾਲ ਭਿਖਿਆ ਨਾ ਕਰਵਾਉਣ ਸਬੰਧੀ ਅਪੀਲ ਕੀਤੀ ਗਈ।

ਇਸ ਮੌਕੇ ਬਾਲ ਸੁਰੱਖਿਆ ਅਫ਼ਸਰ ਆਈ ਸੀ ਗੌਰਵ ਸ਼ਰਮਾ ਨੇ ਪੋਕਸੋ ਐਕਟ ਸਬੰਧੀ ਡਿਟੇਲ ਵਿੱਚ ਜਾਣਕਾਰੀ ਦਿੱਤੀ ਅਤੇ ਬੱਚਿਆਂ ਨਾਲ ਮੌਜੂਦਾ ਸਮਾਂ ਵਿੱਚ ਹੋ ਰਹੇ ਯੌਨ ਸ਼ੋਸ਼ਣ/ਸ਼ਰੀਰਕ ਸ਼ੋਸ਼ਣ/ਭਾਵਨਾਤਮਕ ਸ਼ੋਸ਼ਣ ਤੋਂ ਆਪਣੇ ਬੱਚਿਆਂ ਨੂੰ ਸੁਰੱਖਿਤ ਰੱਖਣ ਲਈ ਅਪੀਲ ਕੀਤੀ ਗਈ। ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਸੋਨੀਆ ਅੰਗਰਿਸ਼ ਚੇਅਰਪਰਸਨ ਬਾਲ ਭਲਾਈ ਕਮੇਟੀ ਵੱਲੋਂ ਬੱਚਿਆਂ ਦੇ ਅਧਿਕਾਰਾਂ ਸਬੰਧੀ ਖੁੱਲ ਕੇ ਗੱਲਬਾਤ ਕੀਤੀ ਗਈ ਅਤੇ ਪ੍ਰੋਗਰਾਮ ਦੌਰਾਨ ਮੌਜੂਦ ਆਂਗਨਵਾੜੀ ਵਰਕਰਾਂ ਦੇ ਨਾਲ ਨਾਲ ਸੁਪਰਵਾਈਜ਼ਰਾਂ ਨੂੰ ਕਿਹਾ ਗਿਆ ਕਿ ਜੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦੀ ਕੋਈ ਦਿੱਕਤ ਪੇਸ਼ ਆਉਣ ਤੇ ਇਸ ਸੰਬੰਧੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਨੂੰ ਦਿੱਤੀ ਜਾਵੇ।

ਕੰਚਨ ਅਰੋੜਾ ਵਲੋਂ ਪੋਕਸੋ ਐਕਟ ਅਤੇ ਬਾਲ ਅਧਿਕਾਰਾਂ ਬਾਰੇ ਜਾਣਕਾਰੀ ਦਿੰਦੇ ਦੱਸਿਆ ਗਿਆ ਕਿ ਲੜਕੇ ਅਤੇ ਲੜਕੀਆਂ ਦੇ ਸਰਬਪੱਖੀ ਵਿਕਾਸ ਲਈ ਸੁਰੱਖਿਤ ਮਾਹੌਲ ਹੋਣਾ ਜਰੂਰੀ ਹੈ ਜਿਸ ਦੀ ਸਿਰਜਣਾ ਕਰਨ ਲਈ ਸਰਕਾਰ ਵੱਲੋਂ ਬੱਚਿਆਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਲਈ ਪੋਕਸੋ ਐਕਟ ਲਾਗੂ ਕੀਤਾ ਗਿਆ ਹੈ, ਤਾਂ ਜੋ ਜ਼ੀਰੋ ਤੋਂ 18 ਸਾਲ ਦੇ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਣ ਦਾ ਸਾਹ-ਮਣਾ ਨਾ ਕਰਨਾ ਪਵੇ, ਉਹਨਾਂ ਵੱਲੋਂ ਦੱਸਿਆ ਗਿਆ ਕਿ ਪੋਕਸੋ ਐਕਟ ਤਹਿਤ ਜ਼ੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਨਾਲ ਕਿਸੇ ਵੀ ਤਰ੍ਹਾਂ ਦਾ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਲਈ ਸਖਤ ਤੋਂ ਸਖਤ ਸਜ਼ਾ ਦਾ ਪ੍ਰਾਵਧਾਨ ਹੈ, ਉਨਾਂ ਨੇ ਸਕੂਲ ਦੇ ਅਧਿਆਪਕਾਂ ਨੂੰ ਕਿਹਾ ਕਿ ਉਹ ਬੱਚਿਆਂ ਨਾਲ ਇਸ ਸੰਵੇਦਨਸ਼ੀਲ ਵਿਸ਼ੇ ਤੇ ਖੁੱਲ ਕੇ ਚਰਚਾ ਕਰਨ ਤਾਂ ਜੋ ਬੱਚਿਆਂ ਨੂੰ ਚੰਗੇ ਅਤੇ ਮਾੜੇ ਵਤੀਰੇ ਦਾ ਪਤਾ ਲੱਗ ਸਕੇ। ਗੌਰਵ ਸ਼ਰਮਾ ਵੱਲੋਂ ਆਂਗਨਵਾੜੀ ਵਰਕਰਾਂ ਨੂੰ ਬੱਚਿਆਂ ਨੂੰ ਗੁਡ ਟਚ ਅਤੇ ਬੈਡ ਟੱਚ ਸਬੰਧੀ ਜਾਣੂ ਕਰਵਾਉਣ ਲਈ ਕਿਹਾ ਗਿਆ ਅਤੇ ਕਿਹਾ ਕਿ ਜੇਕਰ ਕੋਈ ਵੀ ਬੱਚਾ ਕਿਸੇ ਵੀ ਤਰਹਾਂ ਦੇ ਦੁਰਵਿਵਹਾਰ ਦਾ ਸਾਹਮਣਾ ਕਰਦਾ ਹੈ ਤਾਂ ਉਹ ਬੇਝਿਜਕ ਇਸ ਬਾਰੇ ਆਪਣੇ ਮਾਪਿਆਂ ਜਾਂ ਆਪਣੇ ਅਧਿਆਪਕ ਨੂੰ ਦੱਸ ਸਕਦਾ ਹੈ ਤਾਂ ਜੋ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਖਿਲਾਫ ਪੋਕਸੋ ਐਕਟ ਤਹਿਤ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਉਚਿਤ ਕਾਰਵਾਈ ਕੀਤੀ ਜਾ ਸਕੇ। ਉਹਨਾਂ ਵੱਲੋਂ ਬੱਚਿਆਂ ਨਾਲ ਸੰਬੰਧਿਤ ਕਿਸੇ ਵੀ ਕੇਸ ਸਬੰਧੀ ਜਾਣਕਾਰੀ ਦੇਣ ਲਈ ਚਾਇਲਡ ਹੈਲਪਲਾਈਨ ਨੰਬਰ 1098 ਤੇ ਜਾਣਕਾਰੀ ਦੇਣ ਲਈ ਕਿਹਾ ਗਿਆ।

# ਕੇਂਦਰੀ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਰੈਲੀ ਅਤੇ ਸ਼ਹਿਰ ਵਿੱਚ ਰੋਹ ਭਰਪੂਰ ਮੁਜ਼ਾਹਰਾ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਦੇ ਹੜਤਾਲ ਕਰਨ ਦੇ ਸੱਦੇ 'ਤੇ ਗੜਸ਼ੰਕਰ ਦੀਆਂ ਟਰੇਡ ਯੂਨੀਅਨਾਂ,ਕਿਸਾਨ ਯੂਨੀਅਨਾਂ ਅਤੇ ਮੁਲਾਜ਼ਮ ਯੂਨੀਅਨਾਂ ਵੱਲੋਂ ਸਥਾਨਕ ਬੱਸ ਅੱਡੇ ਵਿੱਚ ਸਥਿਤ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਸੈਂਕੜੇ ਦੀ ਗਿਣਤੀ ਵਿੱਚ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮਾਂ ਵੱਲੋਂ ਇਕੱਤਰ ਹੋ ਕੇ ਕੇਂਦਰ ਦੀਆਂ ਆਰਥਿਕ ਨੀਤੀਆਂ ਖਿਲਾਫ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਰੋਹ ਭਰਪੂਰ ਮਾਰਚ ਕੀਤਾ ਗਿਆ। ਇਸ ਮਾਰਚ ਦੀ ਅਗਵਾਈ ਟਰੇਡ ਯੂਨੀਅਨਾਂ ਨੇ ਆਗੂਆਂ ਮੱਖਣ ਸਿੰਘ ਵਾਹਿਦਪੁਰ,ਦਰਸ਼ਨ ਮੱਟੂ,ਹਰਮੇਸ਼ ਢੇਸੀ ਦੀ ਅਗਵਾਈ ਵਿੱਚ ਕੀਤੀ ਗਈ । ਇਸ ਸਮੇਂ ਵੱਖ ਵੱਖ ਸੰਘਰਸ਼ਸ਼ੀਲ ਜੱਥੇਬੰਦੀਆ ਦੇ ਆਗੂਆਂ ਮੁਕੇਸ਼ ਕੁਮਾਰ,ਗੁਰਨੇਕ ਸਿੰਘ ਭੱਜਲ,ਕੁਲਵਿੰਦਰ ਚਾਹਲ,ਬੀਬੀ ਸ਼ੁਭਾਸ਼ ਮੱਟੂ,ਮੋਹਣ ਲਾਲ,ਕੁਲਭੂਸ਼ਣ ਮਹਿੰਦਵਾਣੀ,ਰਾਮ ਜੀ ਦਾਸ ਚੌਹਾਨ,ਬਲਵੰਤ ਰਾਮ,ਹੰਸ ਰਾਜ ਗੜਸ਼ੰਕਰ,ਬਲਵੀਰ ਸਿੰਘ ਖਾਨਪੁਰੀ,ਸ਼ਾਮ ਸੁੰਦਰ ਆਦਿ ਬੁਲਾਰਿਆਂ ਨੇ ਮਜ਼ਦੂਰ,ਕਿਸਾਨ, ਮੁਲਾਜ਼ਮਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਿਹਾ ਕਿ ਦੁਨੀਆਂ ਦੀਆਂ ਵੱਡੀਆਂ ਕੰਪਨੀਆਂ ਅਤੇ ਸਰਮਾਏਦਾਰਾਂ ਵੱਲੋਂ ਸੇਧਤ ਨੀਤੀਆਂ ਤਹਿਤ ਦੇਸ਼ ਦੇ ਕਿਰਤੀ ਲੋਕਾਂ ਨੂੰ ਨਪੀੜਿਆ ਜਾ ਰਿਹਾ ਹੈ ਜਿਸ ਦੇ ਤਹਿਤ ਮਜ਼ਦੂਰਾਂ ਦੇ ਹੱਕਾਂ ਵਿੱਚ ਪਿਛਲੇ ਸਮੇਂ ਚ ਸੰਘਰਸ਼ ਰਾਹੀਂ ਪ੍ਰਾਪਤ ਕੀਤੇ ਗਏ ਕਿਰਤ ਕਾਨੂੰਨਾਂ ਨੂੰ ਦਰੜ ਕੇ ਚਾਰ ਲੇਬਰ ਕੋਡਾਂ ਵਿੱਚ ਬਦਲ ਦਿੱਤਾ ਗਿਆ, ਲੋਕਾਂ ਨੂੰ ਸੰਘਰਸ਼ ਕਰਕੇ ਮਿਲੇ ਕੰਮ ਦੇ ਅਧਿਕਾਰ ਮਨਰੇਗਾ ਨੂੰ ਖਤਮ ਕਰਨ ਲਈ ਜੀ ਰਾਮ ਜੀ ਨਾਮ ਦੀ ਸਕੀਮ, ਇਸੇ ਤਰੀਕੇ ਨਾਲ ਕਿਸਾਨਾਂ ਦੇ ਲਈ ਬੀਜ ਬਿਲ 2025,, ਬਿਜਲੀ ਸੋਧ ਬਿੱਲ,2025 ਅਤੇ ਭਾਰਤ-ਅਮਰੀਕਾ ਤੇ ਯੂਰਪੀਅਨ ਯੂਨੀਅਨ ਨਾਲ ਮੁਕਤ ਵਪਾਰ ਸਮਝੌਤਿਆ ਤਹਿਤ ਪੂਰੀ ਖੇਤੀ ਅਤੇ ਕਿਸਾਨੀ ਨੂੰ ਸਰਮਾਏਦਾਰਾਂ ਦੇ ਕੋਲ ਸੌਂਪਿਆ ਜਾ ਰਿਹਾ ਹੈ,ਤੇ ਮੁਲਾਜ਼ਮਾਂ ਨੂੰ ਮਿਲਦੀਆਂ ਨੌਕਰੀਆਂ ਤੇ ਸਹੂਲਤਾਂ ਤੇ ਕੱਟ ਲਾ ਕੇ ਸਰਕਾਰੀ ਵਿਭਾਗਾਂ ਨੂੰ ਖਤਮ ਕੀਤਾ ਜਾ ਰਿਹਾ ਹੈ। ਇਸ ਸਮੇਂ ਵੱਖ-ਵੱਖ ਸ਼ੰਘਰਸ਼ਸ਼ੀਲ ਜੱਥੇਬੰਦੀਆ ਦੇ ਆਗੂ ਰਾਮਜੀਤ ਸਿੰਘ ਦੇਨੋਵਾਲ, ਡਾ ਜੋਗਿੰਦਰ ਕੁਲੇਵਾਲ, ਜੀਤਰਾਮ ਬਗਵਾਈ,ਸਤਨਾਮ ਸਿੰਘ,ਸਲਿੰਦਰ ਚੁੰਬਰ,ਗਰੀਬ ਦਾਸ ਪ੍ਰੇਮ ਰਾਣਾ,ਗੁਰਮੇਲ ਕਲਸੀ,ਰਵਿੰਦਰ ਨੀਟਾ, ਕੁਲਵੰਤ ਸਿੰਘ ਗੋਲੇਵਾਲ, ਬਲਵੰਤ ਰਾਮ,ਪਰਮਾਨੰਦ,ਸ਼ਿੰਗਾਰਾ ਰਾਮ ਭੱਜਲ,ਪਵਨ ਕੁਮਾਰ,ਬਲਭੱਦਰ ਸਿੰਘ,ਸੁਰਿੰਦਰ ਕੌਰ ਚੁੰਬਰ, ਸਤਪਾਲ ਕਲੇਰ,ਗੁਰਮੇਲ ਸਿੰਘ,ਸ਼ਮਸ਼ੇਰ ਸਿੰਘ ਚੱਕ ਸਿੰਘਾ,ਗੁਰਨਾਮ ਸਿੰਘ, ਤੇਜਿੰਦਰ ਕੌਰ,ਸ਼ਰਮੀਲਾ ਰਾਣੀ,ਜਸਵਿੰਦਰ ਕੌਰ,ਪਿੰਕੀ ਰਾਣੀ,ਕੁਲਵਿੰਦਰ ਕੌਰ ਆਦਿ ਨੇ ਵੀ ਸੰਬੋਧਨ ਕੀਤਾ।

# ਟਰੇਡ ਯੂਨੀਅਨਾਂ ਦੀ ਦੇਸ਼ ਵਿਆਪੀ ਹੜਤਾਲ ਦੇ ਸੱਦੇ ਨੂੰ ਭਰਵਾਂ ਹੁੰਗਾਰਾ

## ਮਜਦੂਰਾਂ, ਕਿਸਾਨਾਂ,ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਨਵਾਂਸ਼ਹਿਰ ਵਿਖੇ ਵਿਸ਼ਾਲ ਰੈਲੀ ਅਤੇ ਮੁਜ਼ਾਹਰਾ







**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਟਰੇਡ ਯੂਨੀਅਨਾਂ ਵੱਲੋਂ ਦਿੱਤੇ ਗਏ ਦੇਸ਼ ਵਿਆਪੀ ਹੜਤਾਲ ਦੇ ਸੱਦੇ ਉੱਤੇ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਟਰੇਡ ਯੂਨੀਅਨਾਂ ਪੇਂਡੂ ਅਤੇ ਖੇਤ ਮਜ਼ਦੂਰ ਜਥਬੰਦੀਆਂ ਮੁਲਾਜ਼ਮ ਅਤੇ ਪੈਨਸ਼ਨਰਜ਼ ਯੂਨੀਅਨਾਂ ਨੇ ਹੜਤਾਲ ਕਰਕੇ ਬੱਸ ਅੱਡਾ ਨਵਾਂਸ਼ਹਿਰ ਵਿਖੇ ਵਿਸ਼ਾਲ ਰੈਲੀ ਕੀਤੀ ਜਿਸਦੀ ਪ੍ਰਧਾਨਗੀ ਬਲਜੀਤ ਕੌਰ,ਨਿਰੰਜਣ ਦਾਸ, ਕੁਲਦੀਪ ਸਿੰਘ ਦੌੜਕਾ ਅਤੇ ਗੁਰਦਿਆਲ ਰੱਕੜ ਨੇ ਕੀਤੀ।ਇਸ ਰੈਲੀ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾ ਸਕੱਤਰ ਮਹਾਂ ਸਿੰਘ ਰੌੜੀ, ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਸੂਬਾ ਸਕੱਤਰ ਅਵਤਾਰ ਸਿੰਘ ਤਾਰੀ,ਏਟਕ ਦੇ ਆਗੂ ਨਿਰੰਜਨ ਦਾਸ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ,ਕੁਲ ਹਿੰਦ ਕਿਸਾਨ ਸਭਾ ਦੇ ਜਿਲਾ ਪ੍ਰਧਾਨ ਚਰਨਜੀਤ ਸਿੰਘ ਦੌਲਤ ਪੁਰ, ਬਲਵੀਰ ਸਿੰਘ ਜਾਡਲਾ,ਸੁਖਵਿੰਦਰ ਸਿੰਘ,ਨਿਰਮਲ ਸਿੰਘ ਔਜਲਾ, ਜਿਲਾ ਸਕੱਤਰ ਜਸਵਿੰਦਰ ਸਿੰਘ ਭੰਗਲ, ਜੁਝਾਰ ਸਿੰਘ,ਪੰਜਾਬ ਪੈਨਸ਼ਨਰ ਵੈਲਫ਼ੇਅਰ ਯੂਨੀਅਨ ਦੇ ਆਗੂ ਕਰਨੈਲ ਸਿੰਘ ਰਾਹੋਂ, ਬੀ ਕੇ ਯੂ ਰਾਜੇਵਾਲ ਦੇ ਜਿਲਾ ਪ੍ਰਧਾਨ ਸੰਤੋਖ ਸਿੰਘ ਰੈਲ ਮਾਜਰਾ, ਆਸ਼ਾ ਵਰਕਰ ਯੂਨੀਅਨ ਦੇ ਸੂਬਾ ਸਕੱਤਰ ਸ਼ਕੁੰਤਲਾ ਸਰੋਏ, ਜਿਲਾ ਪ੍ਰਧਾਨ ਅਮਰਜੀਤ ਕੌਰ,ਆਂਗਣਵਾੜੀ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਬਲਜੀਤ ਕੌਰ,ਜਿਲਾ ਸਕੱਤਰ ਲਖਵਿੰਦਰ ਕੌਰ, ਸੀਟੂ ਦੇ ਆਗੂ ਜਸਵੰਤ ਸਿੰਘ ਸੈਣੀ, ਸਵਰਾਜ ਮਾਜ਼ਦਾ ਵਰਕਰ ਯੂਨੀਅਨ ਦੇ ਆਗੂ ਪਰਵਿੰਦਰ ਸੈਣੀ,ਸ਼ੂਗਰ ਮਿੱਲ ਵਰਕਰ ਯੂਨੀਅਨ ਨਵਾਂਸ਼ਹਿਰ ਦੇ ਆਗੂ ਰਾਕੇਸ਼ ਕੁਮਾਰ , ਪਨਬੱਸ ਯੂਨੀਅਨ ਦੇ ਆਗੂ ਨਰਿੰਦਰ ਪੰਡੋਰੀ, ਮਹੇਸ਼,ਪੈਨਸ਼ਨਰ ਯੂਨੀਅਨ ਦੇ ਸਰਕਲ ਪ੍ਰਧਾਨ ਕੁਲਵਿੰਦਰ ਸਿੰਘ ਅਟਵਾਲ, ਵਿਜੈ ਕੁਮਾਰ, ਅਸ਼ਵਨੀ ਕੁਮਾਰ, ਜਗਤਾਰ ਸਿੰਘ ਪੰਨੂੰ ਮਜਾਰਾ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਜਿਲਾ ਪ੍ਰਧਾਨ ਡਾਕਟਰ ਕਸ਼ਮੀਰ ਸਿੰਘ ਢਿੱਲੋਂ, ਏਟਕ ਦੇ ਆਗੂ ਹਸ਼ਮਤ ਅਲੀ,ਮੋਹਨ ਸਿੰਘ ਬੂਟਾ, ਜਗਦੀਸ਼ ਜਾਡਲਾ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਹਰਪਾਲ ਸਿੰਘ ਜਗਤ ਪੁਰ, ਜ਼ਮਹੂਰੀ ਕਿਸਾਨ ਸਭਾ ਦੇ ਸਤਨਾਮ ਸੁੱਜੋਂ, ਜੰਗਲਾਤ ਵਰਕਰ ਯੂਨੀਅਨ ਦੇ ਪਰਮਿੰਦਰ ਸੰਧੂ,ਭੱਠਾ ਮਜ਼ਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਜੁਗਾੜੂ ਰੇੜ੍ਹਾ ਵਰਕਰ ਯੂਨੀਅਨ ਦੇ ਆਗੂ ਬੀਰ ਬਹਾਦੁਰ,ਪੇਂਡੂ ਮਜ਼ਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਕਮਲਜੀਤ ਸਨਾਵਾ,ਕਿਰਨਜੀਤ ਕੌਰ, ਪਰਵਾਸੀ ਮਜ਼ਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ,ਆਟੋ ਵਰਕਰ ਯੂਨੀਅਨ ਦੇ ਜਿਲਾ ਪ੍ਰਧਾਨ ਪੁਨੀਤ ਕੁਮਾਰ ਬਸ਼ੌੜੀ, ਸੁਰਜੀਤ ਮੱਲਪੁਰੀ,ਰੇਹੜੀ ਵਰਕਰ ਯੂਨੀਅਨ ਦੇ ਪ੍ਰਧਾਨ ਹਰੇ ਰਾਮ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨਿੱਜੀਕਰਨ ਤੇ ਪੰਚਾਇਤੀਕਰਨ ਦੀਆਂ ਨੀਤੀਆਂ ਜਿਵੇਂ ਚਾਰ ਲੇਬਰ ਕੋਡਜ਼,

ਬਿਜਲੀ ਸੋਧ ਬਿੱਲ, ਬੀਜ ਬਿੱਲ, ਮੁਕਤ ਵਪਾਰ ਸਮਝੌਤਾ, ਮਗਨਰੇਗਾ ਦੀ ਥਾਂ ਨਵਾਂ ਲਿਆਂਦਾ ਮਜ਼ਦੂਰ ਵਿਰੋਧੀ ਜੀ ਰਾਮ ਜੀ ਕਾਨੂੰਨ, ਭਾਰਤ - ਅਮਰੀਕਾ ਵਪਾਰ ਸਮਝੌਤਾ,ਪੰਜਾਬ ਸਰਕਾਰ ਵੱਲੋਂ ਸਰਕਾਰੀ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਆਦਿ ਮਸਲਿਆਂ ਤੇ ਸਰਕਾਰਾਂ ਦੀ ਤਿੱਖੀ ਆਲੋਚਨਾ ਕੀਤੀ ਗਈ । ਬੁਲਾਰਿਆਂ ਨੇ ਚਾਰ ਲੇਬਰ ਕੋਡਜ਼ ਰੱਦ ਕਰਨ,ਬਿਜਲੀ ਸੋਧ ਬਿੱਲ-2025 ਰੱਦ ਕਰਕੇ ਬਿਜਲੀ ਖੇਤਰ ਅੰਦਰ ਨਿੱਜੀ ਕਾਰੋਬਾਰੀ ਕੰਪਨੀਆਂ ਦੇ ਦਾਖਲੇ 'ਤੇ ਰੋਕ ਲਾਉਣ, ਬੀਜ ਬਿਲ - 2025 ਰੱਦ ਕਰਨ,ਮਨਰੇਗਾ ਦੀ ਥਾਂ ਲਿਆਂਦਾ ਜੀ ਰਾਮ ਜੀ ਕਾਨੂੰਨ ਵਾਪਸ ਲੈਣ, ਪੰਜਾਬ ਅੰਦਰ ਸਰਕਾਰੀ ਜਾਇਦਾਦਾਂ ਵੇਚਣ ਦੇ ਫੈਸਲੇ ਰੱਦ ਕਰਨ ,ਜਨਤਕ ਅਦਾਰਿਆਂ ਦੇ ਨਿੱਜੀਕਰਨ, ਪੰਚਾਇਤੀਕਰਨ , ਕਾਰਪੋਰੇਟੀਕਰਨ ਦੀ ਨੀਤੀ ਰੱਦ ਕਰਨ, ਪੱਕੀ ਭਰਤੀ ਦੀ ਨੀਤੀ ਲਾਗੂ ਕਰਨ, ਕੰਟਰੈਕਟ ਆਊਟ ਸੋਰਸਿੰਗ ਕਾਮੇ ਪੱਕੇ ਕਰਨ, ਘੱਟੋ ਘੱਟ ਉਜ਼ਰਤਾਂ 26000 ਰੁਪਏ ਪ੍ਰਤੀ ਮਹੀਨਾ ਕਰਨ,ਆਂਗਣਵਾੜੀ , ਆਸ਼ਾ ਵਰਕਰਾਂ, ਮਿਡ ਡੇ ਮੀਲ ਵਰਕਰਾਂ ਨੂੰ ਪੱਕੇ ਵਰਕਰ ਦਾ ਦਰਜਾ ਦੇਣ,ਪੁਰਾਣੀ ਪੈਂਨਸ਼ਨ ਸਕੀਮ ਬਹਾਲ ਕਰਨ,ਖੇਤ ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਕਰਨ ਅਤੇ ਮਕਾਨ ਦੇਣ , ਸੱਭ ਨੂੰ ਵਿੱਦਿਅਕ ਅਤੇ ਸਿਹਤ ਸਹੂਲਤਾਂ ਸਸਤੀਆਂ ਅਤੇ ਮਿਆਰੀ ਉਪਲਭਦ ਕਰਾਉਣ,ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤੇ ਨੂੰ ਰੱਦ ਕਰਨ ਦੀ ਮੰਗ ਕੀਤੀ।

ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨਾਲ ਪੰਜਾਬ ਸਰਕਾਰ ਵੀ ਪੂਰੀ ਤਰ੍ਹਾਂ ਸਹਿਮਤ ਹੈ। ਪੰਜਾਬ ਸਰਕਾਰ ਨੇ ਅੱਜ ਤੱਕ ਬਿਜਲੀ ਸੋਧ ਬਿੱਲ ਦੇ ਖਿਲਾਫ ਬਿਆਨ ਤੱਕ ਨਹੀਂ ਦਿੱਤਾ ਸਗੋਂ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਵੇਚਣ, ਮਜ਼ਦੂਰਾਂ ਮੁਲਾਜ਼ਮਾਂ ਦੇ ਘੋਲਾਂ ਦੀ ਅਣਦੇਖੀ ਕਰਨ ਅਤੇ ਸੰਘਰਸ਼ੀ ਲੋਕਾਂ ਤੇ ਜਬਰ ਕਰਨ ਦੇ ਰਾਹ ਪਈ ਹੋਈ ਹੈ। ਬਾਅਦ ਵਿੱਚ ਸ਼ਹਿਰ ਵਿਚ ਮੁਜ਼ਾਹਰਾ ਵੀ ਕੀਤਾ ਗਿਆ।

## ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪਿੰਡ ਨਸਰਾਲਾ 'ਚ ਲਗਾਇਆ ਵਿਸ਼ੇਸ਼ ਕੈਂਪ, ਕੈਬਨਿਟ ਮੰਤਰੀ ਡਾ. ਰਵਜੋਤ ਨੇ ਕੀਤੀ ਸ਼ਿਰਕਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਕੈਬਨਿਟ ਮੰਤਰੀ ਪੰਜਾਬ ਡਾ. ਰਵਜੋਤ ਸਿੰਘ ਨੇ ਅੱਜ ਪਿੰਡ ਨਸਰਾਲਾ ਵਿਖੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਸਿਹਤ ਕਾਰਡ ਬਣਾਉਣ ਲਈ ਲਗਾਏ ਗਏ ਇੱਕ ਵਿਸ਼ੇਸ਼ ਕੈਂਪ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਮੌਜੂਦ ਨਾਗਰਿਕਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਇਸ ਯੋਜਨਾ ਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ ਅਤੇ ਵੱਧ ਤੋਂ ਵੱਧ ਯੋਗ ਪਰਿਵਾਰਾਂ ਨੂੰ ਇਸਦਾ ਲਾਭ ਲੈਣ ਲਈ ਉਤਸ਼ਾਹਿਤ ਕੀਤਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਯੋਜਨਾ ਦਾ ਮੁੱਖ ਉਦੇਸ਼ ਸੂਬੇ ਦੇ ਹਰ ਲੋੜਵੰਦ ਪਰਿਵਾਰ ਨੂੰ ਬਿਹਤਰ, ਸੁਖਾਲੀ ਅਤੇ ਮੁਫ਼ਤ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਹੈ। ਇਸ ਯੋਜਨਾ ਤਹਿਤ ਯੋਗ ਲਾਭਪਾਤਰੀਆਂ ਨੂੰ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਕੈਸ਼ਲੈਸ ਇਲਾਜ ਦੀ ਸਹੂਲਤ ਪ੍ਰਦਾਨ ਕੀਤੀ ਜਾ ਰਹੀ ਹੈ, ਤਾਂ ਜੋ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਵਿੱਤੀ ਬੋਝ ਤੋਂ ਰਾਹਤ ਮਿਲ ਸਕੇ। ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਕੈਂਪਾਂ ਰਾਹੀਂ ਲੋਕਾਂ ਨੂੰ ਸਿਹਤ ਕਾਰਡ ਬਣਵਾਉਣ ਲਈ ਕਿਸੇ ਪ੍ਰਕਾਰ ਦੀ ਪ੍ਰੇਸ਼ਾਨੀ ਨਾ ਹੋਵੇ, ਇਸ ਲਈ ਪ੍ਰਸ਼ਾਸਨ ਵੱਲੋਂ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਉਨ੍ਹਾਂ ਨੇ ਤਾਇਨਾਤ ਸਟਾਫ਼ ਨੂੰ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਅਤੇ ਪ੍ਰਕਿਰਿਆ ਨੂੰ ਸਰਲ ਅਤੇ ਪਾਰਦਰਸ਼ੀ



ਬਣਾਉਣ ਦੇ ਨਿਰਦੇਸ਼ ਦਿੱਤੇ ਗਏ। ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਿਹਤ ਸੇਵਾਵਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਆਉਣ ਵਾਲੇ ਸਮੇਂ ਵਿੱਚ ਪੇਂਡੂ ਖੇਤਰਾਂ ਵਿੱਚ ਹੋਰ ਸਿਹਤ ਸਹੂਲਤਾਂ ਉਪਲਬਧ ਕਰਵਾਈਆਂ ਜਾਣਗੀਆਂ, ਤਾਂ ਜੋ ਮਿਆਰੀ ਡਾਕਟਰੀ ਸੇਵਾਵਾਂ ਹਰ ਵਿਅਕਤੀ ਤੱਕ ਪਹੁੰਚ ਸਕਣ। ਇਸ ਮੌਕੇ ਸਥਾਨਕ ਪ੍ਰਸ਼ਾਸਨਿਕ ਅਧਿਕਾਰੀ, ਸਿਹਤ ਵਿਭਾਗ ਦੇ ਕਰਮਚਾਰੀ, ਪੰਚਾਇਤ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ। ਸਾਰਿਆਂ ਨੇ ਸਰਕਾਰ ਦੇ ਇਸ ਲੋਕ ਭਲਾਈ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਆਮ ਲੋਕਾਂ ਲਈ ਬਹੁਤ ਲਾਭਦਾਇਕ ਹੈ।

## ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਕੇ ਯੋਜਨਾਵਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

### ਅਧਿਕਾਰੀਆਂ ਨੂੰ ਪਾਰਦਰਸ਼ੀ ਤੇ ਸਮੇਂ ਸਿਰ ਸੇਵਾ ਯਕੀਨੀ ਬਣਾਉਣ ਦੇ ਦਿੱਤੇ ਹੁਕਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਕੇ ਵਿਭਾਗਾਂ ਦੁਆਰਾ ਚਲਾਏ ਜਾ ਰਹੇ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੀ ਪ੍ਰਗਤੀ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਇਸ ਦੌਰਾਨ ਉਨ੍ਹਾਂ ਮਾਲ ਵਿਭਾਗ ਨਾਲ ਸਬੰਧਤ ਮਾਮਲਿਆਂ, ਸਕੀਮਾਂ ਅਤੇ ਪੈਂਡਿੰਗ ਕੰਮਾਂ ਬਾਰੇ ਵਿਸ਼ੇਸ਼ ਤੌਰ 'ਤੇ ਵਿਸਥਾਰ ਨਾਲ ਚਰਚਾ ਕੀਤੀ ਅਤੇ ਅਧਿਕਾਰੀਆਂ ਨੂੰ ਸਾਰੇ ਕੰਮ ਸਮੇਂ ਸਿਰ ਅਤੇ ਪਾਰਦਰਸ਼ੀ ਢੰਗ ਨਾਲ ਪੂਰੇ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਈਜ਼ੀ ਰਜਿਸਟ੍ਰੇਸ਼ਨ ਅਤੇ ਈਜ਼ੀ ਜਮ੍ਹਾਂਬੰਦੀ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਲਈ। ਉਨ੍ਹਾਂ ਸਟੈਂਪ ਅਤੇ ਰਜਿਸਟ੍ਰੇਸ਼ਨ ਨਾਲ ਸਬੰਧਤ ਵਸੂਲੀ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ ਅਤੇ ਲੰਬਿਤ ਪਏ ਜ਼ਮੀਨੀ ਮਾਲੀਏ ਦੇ ਬਕਾਏ ਦੀ ਵਸੂਲੀ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਨੂੰ ਆਮ ਲੋਕਾਂ ਲਈ ਹੋਰ ਸਰਲ, ਆਸਾਨ ਅਤੇ ਪਾਰਦਰਸ਼ੀ ਬਣਾਇਆ ਜਾਵੇ, ਤਾਂ ਜੋ ਲੋਕਾਂ ਨੂੰ ਬੇਲੋੜੀਆਂ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਮੀਟਿੰਗ ਵਿੱਚ ਭੂਮੀ



ਪ੍ਰਾਪਤੀ ਨਾਲ ਸਬੰਧਤ ਚੱਲ ਰਹੇ ਮਾਮਲਿਆਂ ਦੀ ਸਥਿਤੀ ਰਿਪੋਰਟ, ਖਸਰਾ-ਵਾਈਜ ਮੈਪਿੰਗ, ਸਿਵਲ ਕੰਮਾਂ ਲਈ ਵਰਤੋਂ ਸਰਟੀਫਿਕੇਟ (ਯੂ.ਸੀ.) ਸਮੇਂ ਸਿਰ ਜਮ੍ਹਾਂ ਕਰਵਾਉਣ ਅਤੇ ਗੈਰ-ਕਾਨੂੰਨੀ ਮਾਈਨਿੰਗ ਨਾਲ ਸਬੰਧਤ ਸ਼ਿਕਾਇਤਾਂ ਨਾਲ ਸਬੰਧਤ ਚੱਲ ਰਹੇ ਮਾਮਲਿਆਂ ਦੀ ਸਥਿਤੀ ਰਿਪੋਰਟ ਦੀ ਸਮੀਖਿਆ ਵੀ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਕੇਸਾਂ ਦਾ ਨਿਪਟਾਰਾ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਯਕੀਨੀ ਬਣਾਇਆ ਜਾਵੇ। ਇਸ ਤੋਂ ਇਲਾਵਾ ਡਿਸਟ੍ਰਿਕਟ ਮਿਨਰਲ ਫਾਊਂਡੇਸ਼ਨ ਤਹਿਤ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਪ੍ਰੋਜੈਕਟਾਂ ਨੂੰ ਗੁਣਵੱਤਾ ਅਤੇ ਸਮੇਂ ਸਿਰ ਪੂਰਾ ਕੀਤਾ ਜਾਵੇ ਤਾਂ ਜੋ ਆਮ ਲੋਕਾਂ ਨੂੰ ਇਸ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ।

# 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ 13-14-15 ਫ਼ਰਵਰੀ ਨੂੰ

## 7 ਸਖਸ਼ੀਅਤਾਂ ਦਾ ਹੋਵੇਗਾ ਵਿਸ਼ੇਸ਼ ਸਨਮਾਨ, ਸਤਵਿੰਦਰ ਬਿੱਟੀ ਦਾ ਲੱਗੇਗਾ ਅਖਾੜਾ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਹਰ ਸਾਲ ਕਰਵਾਈਆਂ ਜਾਣ ਵਾਲੀਆਂ ਜੀਐਸਟੀ ਟਰੱਕ ਪਰਮਿਟ, ਕੋਕਾ ਕੋਲਾ,ਏਵਨ ਸਾਈਕਲ, 38ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ 13 14 ਅਤੇ 15 ਫਰਵਰੀ 2026 ਨੂੰ ਕਰਵਾਈਆਂ ਜਾ ਰਹੀਆਂ ਹਨ।

ਅੱਜ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਇਕ ਪ੍ਰੈਸ ਮਿਲਣੀ ਦੌਰਾਨ ਜਰਖੜ ਟਰੱਸਟ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ , ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ , ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ 13 ਫਰਵਰੀ ਨੂੰ ਖੇਡਾਂ ਦਾ ਉਦਘਾਟਨੀ ਸਮਾਗਮ ਬੇਹੱਦ ਲਾਜਵਾਬ ਹੋਵੇਗਾ। ਇਸ ਵਿੱਚ ਜਿੱਥੇ ਇਲਾਕੇ ਦੇ ਵੱਖ ਵੱਖ ਸਕੂਲਾਂ ਦੇ ਬੱਚਿਆਂ ਦਾ ਮਾਰਚ ਪਾਸਟ ਖਿੱਚ ਦਾ ਕੇਂਦਰ ਬਣੇਗਾ ਉਥੇ ਵੱਖ ਵੱਖ ਸਕੂਲਾਂ ਦੀ ਸੱਭਿਆਚਾਰ ਵੰਨਗੀਆ ਵੀ ਖੇਡ ਮਹੌਲ ਨੂੰ ਹੋਰ ਸੁਹਾਵਣਾ ਬਣਾਉਣਗੀਆ । ਇਸ ਮੌਕੇ ਜਰਖੜ ਖੇਡਾਂ ਦੀ ਉਲੰਪਿਕ ਖੇਡ ਮਿਸ਼ਾਲ ਜੰਨਤ ਏ ਜਰਖੜ ਮਿਊਜੀਅਮ ਦੇ ਲਾਹੌਰ ( ਪਾਕਿਸਤਾਨ ਵਾਲਾ ਲਾਹੌਰ ਨਹੀਂ) ਤੋਂ ਚੱਲੇਗੀ ਅਤੇ ਖਿਡਾਰੀਆਂ ਦੇ ਕਾਫਲੇ ਦੇ ਰੂਪ ਵਿੱਚ ਜਰਖੜ ਖੇਡ ਸਟੇਡੀਅਮ ਵਿਖੇ ਪੁੱਜੇਗੀ ਜਿੱਥੇ ਕੌਮੀ ਅਤੇ ਅੰਤਰਾਸ਼ਟਰੀ ਪੱਧਰ ਦੇ ਖਿਡਾਰੀ ਖੇਡ ਮਿਸ਼ਾਲ ਨੂੰ ਜਗਾਉਣਗੇ , ਅਤੇ ਖੇਡਾਂ ਸ਼ੂਰੂ ਕਰਨ ਦਾ ਐਲਾਨ ਹੋਵੇਗਾ। ਖੇਡਾਂ ਦਾ ਉਦਘਾਟਨ ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਧ ਕਰਨਗੇ ਜਦਕਿ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਕਰਨਗੇ। 7 ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ

ਇਸ ਵਰ੍ਹੇ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਉੱਤੇ 15 ਫਰਵਰੀ ਨੂੰ ਦੁਪਹਿਰ 1 ਵਜੇ ਪੰਜਾਬ ਦੇ ਸਾਬਕਾ ਡੀਜੀਪੀ ਅਤੇ ਖੇਡ ਸਮਰਥਕ ਅਧਿਕਾਰੀ ਸ੍ਰੀ ਚੰਦਰਸ਼ੇਖਰ ਨੂੰ " ਖੇਡ ਪ੍ਰਮੋਟਰ ਅਮਰਜੀਤ ਗਰੇਵਾਲ ਐਵਾਰਡ" ਨਾਲ, ਪਦਮ ਸ੍ਰੀ ਬਲਦੇਵ ਸਿੰਘ ਨੂੰ ਭਗਤ ਪੂਰਨ ਸਿੰਘ ਐਵਾਰਡ" ਨਾਲ , ਪ੍ਰਭਦੀਪ ਸਿੰਘ ਨੱਥੋਵਾਲ ਡਿਪਟੀ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਨੂੰ"ਪੰਜਾਬ ਦਾ ਮਾਣ ਐਵਾਰਡ" ਸ਼੍ਰੀਮਤੀ ਸਿਮਰਨਜੀਤ ਕੌਰ ਗਿੱਲ ਪ੍ਰੋ ਵਾਈਸ ਚਾਂਸਲਰ ਸੀ ਟੀ ਯੂਨੀਵਰਸਿਟੀ ਲੁਧਿਆਣਾ ਨੂੰ "ਪੰਜਾਬ ਦੀਆਂ ਧੀਆਂ ਦਾ ਮਾਣ ਐਵਾਰਡ" ਨਾਲ,ਪੱਤਰਕਾਰ ਦਵਿੰਦਰਪਾਲ ਸਿੰਘ ਚੰਡੀਗੜ੍ਹ ਨੂੰ "ਪੰਜਾਬ ਦੀ ਪੱਤਰਕਾਰੀ ਦਾ ਮਾਣ ਐਵਾਰਡ" ਦੇ ਨਾਲ, ਸਾਈਕਲਿਸਟ ਹਰਸ਼ਵੀਰ ਸਿੰਘ ਸੇਖੋ ਨੂੰ "ਓਲੰਪੀਅਨ ਸੁਰਜੀਤ ਸਿੰਘ ਰੰਧਾਵਾ ਐਵਾਰਡ " ਨਾਲ, ਵੇਟਰਨਜ਼ ਹਾਕੀ ਖਿਡਾਰੀ ਕਰਮਜੀਤ ਸਿੰਘ ਕਾਲ਼ਾ ਗਰੇਵਾਲ ਯੂ ਐਸ ਏ ਨੂੰ ਉਲੰਪੀਅਨ ਪ੍ਰਿਥੀਪਾਲ ਸਿੰਘ ਐਵਾਰਡ ਦੇ ਨਾਲ ਸਨਮਾਨਿਆ ਜਾਵੇਗਾ।

**ਹਾਕੀ ,ਕਬੱਡੀ ,ਫੁਟਬਾਲ ਅਤੇ ਰੱਸਾਕਸ਼ੀ ਦੇ ਹੋਣਗੇ ਮੁਕਾਬਲੇ**

ਇਹਨਾਂ ਖੇਡਾਂ ਵਿੱਚ ਮਹਿੰਦਰ ਪ੍ਰਤਾਪ ਸਿੰਘ ਗਰੇਵਾਲ ਹਾਕੀ ਗੋਲਡ ਕੱਪ ਅਤੇ ਨਾਇਬ ਸਿੰਘ ਗਰੇਵਾਲ ਜੋਧਾ ਕਬੱਡੀ ਕੱਪ ਖੇਡਾਂ ਦਾ ਮੁੱਖ ਆਕਰਸ਼ਨ ਹੋਵੇਗਾ। ਉਹਨਾਂ ਦੱਸਿਆ ਹਾਕੀ ਲੜਕੇ ਤੇ ਲੜਕੀਆਂ ਸੀਨੀਅਰ ਵਰਗ, ਹਾਕੀ ਅੰਡਰ 15ਸਾਲ ਮੁੰਡੇ, ਕਬੱਡੀ ਓਪਨ ਲੁਧਿਆਣਾ ਮਲੇਰਕੋਟਲਾ ਕਬੱਡੀ ਲੀਗ ਦੇ ਮੁਕਾਬਲੇ, ਕਬੱਡੀ ਬਜ਼ੁਰਗਾਂ ਦੀ 50 ਸਾਲ ਧਰਮ ਸਿੰਘ ਜਰਖੜ ਕਬੱਡੀ ਕੱਪ, ਅਮਰਜੀਤ ਗਰੇਵਾਲ ਦੀ ਯਾਦ ਵਿੱਚ ਫੁੱਟਬਾਲ 60 ਕਿਲੋ ਮੁੰਡੇ, ਅਤੇ ਅੰਡਰ 19 ਸਾਲ ਕੁੜੀਆਂ ਦੇ ਮੁਕਾਬਲੇ, ਬਾਬਾ ਸੁਰਜਨ ਸਿੰਘ ਸਰੀਂਹ ਦੀ ਯਾਦ ਵਿੱਚ ਰੱਸਾਕਸ਼ੀ ਸੀਨੀਅਰ ਵਰਗ ਦੇ ਮੁਕਾਬਲੇ, ਇਸਤੋਂ ਇਲਾਵਾ ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀਆਂ ਵੱਖ ਵੱਖ ਖੇਡਾਂ, ਰੱਸਾਕਸ਼ੀ, ਦੌੜਾਂ, ਕਬੱਡੀ ਪ੍ਰਾਇਮਰੀ ਸਕੂਲ ਆਦਿ ਖੇਡਾਂ ਦੇ ਮੁਕਾ-ਬਲੇ ਕਰਵਾਏ ਜਾਣਗੇ।ਖਿਡਾਰੀਆ ਅਤੇ ਪਬਲਿਕ ਵਾਸਤੇ ਗੁਰੂ ਦਾ ਲੰਗਰ, ਜੂਸ ਦਾ ਵਿਸ਼ੇਸ਼ ਪ੍ਰਬੰਧ ਖਿਡਾਰੀਆਂ ਅਤੇ ਆਮ ਪਬਲਿਕ ਵਾਸਤੇ ਲੰਗਰ ਦੀ ਸੇਵਾ ਗੁਰਦੁਆਰਾ ਮਾਤਾ ਸਾਹਿਬ ਕੌਰ ਮੰਜੀ ਸਾਹਿਬ ਜਰਖੜ ਦੇ ਪ੍ਰਬੰਧਕਾਂ ਵੱਲੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਡਾਵਰ ਕੰਪਨੀ ਅਤੇ ਕੋਕਾ ਕੋਲਾ ਵੱਲੋਂ ਖਿਡਾਰੀਆਂ ਵਾਸਤੇ ਵਧੀਆ ਜੂਸ ਅਤੇ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਜਾਵੇਗਾ।

**ਸਤਵਿੰਦਰ ਬਿੱਟੀ ਅਤੇ ਹੋਰ ਕਲਾਕਾਰਾਂ ਦਾ ਅਖਾੜਾ**

ਫਾਈਨਲ ਸਮਾਰੋਹ ਤੇ 15 ਫ਼ਰਵਰੀ ਨੂੰ ਦੁਪਹਿਰ 2 ਵਜੇ ਨਾਮੀ ਲੋਕ ਗਾਇਕਾ ਸਤਵਿੰਦਰ ਬਿੱਟੀ, ਜਸਵੰਤ ਸੰਦੀਲਾ,ਨੀਤੂ ਵਿਰਕ, ਗੁਰ-ਜਾਨ ਆਦਿ ਹੋਰ ਗਾਇਕਾਂ ਦਾ ਖੁੱਲਾ ਅਖਾੜਾ ਵੀ ਲੱਗੇਗਾ। ਡਰੈਗਨ ਅਕੈਡਮੀ ਲੁਧਿਆਣਾ ਵੱਲੋਂ ਸਭਿਆਚਾਰਕ ਗੀਤਾ ਉੱਤੇ ਕੋਰੀਓਗਰਾਫੀ ਅਤੇ ਡਾਂਸ ਕਰਕੇ ਦਰਸ਼ਕਾਂ ਦਾ ਮਨੋਰੰਜਨ ਕੀਤਾ ਜਾਵੇਗਾ।ਜੇਤੂ ਖਿਡਾਰੀਆਂ ਨੂੰ ਮਿਲਣਗੇ 70 ਸਾਈਕਲ ਅਤੇ ਵੱਡੀ ਇਨਾਮੀ ਰਾਸ਼ੀ ਜਰਖੜ ਖੇਡਾਂ ਦੇ ਜੇਤੂ ਖਿਡਾਰੀ ਨੂੰ ਜਿੱਥੇ ਏਵਨ ਸਾਈਕਲ ਵੱਲੋਂ 50 ਸਾਈਕਲ ਦਿੱਤੇ ਜਾਣਗੇ ਉਥੇ ਹਾਕੀ ਦੇ ਜੇਤੂ ਖਿਡਾਰੀਆਂ ਨੂੰ ਵੀ ਵਿਸ਼ਾਲ ਸਾਈਕਲ 20 ਸਾਈਕਲ ਇਨਾਮ ਵਜੋਂ ਦੇਵੇਗਾ। ਇਸ ਤੋਂ ਇਲਾਵਾ ਵੱਡੇ ਪੱਧਰ ਤੇ ਇਨਾਮੀ ਰਾਸ਼ੀ ਵੀ ਮਿਲੇਗੀ । ਕਬੱਡੀ ਖਿਡਾਰੀਆਂ ਨੂੰ ਢਾਈ ਲੱਖ ਰੁਪਏ ਤੇ ਫੁੱਟਬਾਲ ਵਿਚ 10 ਲੱਖ ਰੁਪਏ ਦੀ ਇਨਾਮੀ ਰਾਸ਼ੀ ਵੰਡੀ ਜਾਵੇਗੀ।ਕੁੱਲ ਮਿਲਾ ਕੇ ਜਰਖੜ ਖੇਡਾਂ ਇਸ ਵਰ੍ਹੇ ਨਸ਼ਾ ਰਹਿਤ ਸਮਾਜ ਦੇ ਇਤਿਹਾਸ ਦਾ ਇਕ ਨਵਾਂ ਪੰਨਾ ਸਿਰਜਣਗੀਆਂ ਅਤੇ ਖਿਡਾਰੀਆਂ ਨੂੰ ਇੱਕ ਨਵੀਂ ਸੇਧ ਦੇ ਕੇ ਸਮਾਪਤ ਹੋਣਗੀਆਂ।ਅੱਜ ਦੀ ਮੀਟਿੰਗ ਦੌਰਾਨ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਤੋਂ ਇਲਾਵਾ ਅਮਰੀਕ ਸਿੰਘ ਮਿਨਹਾਸ ਸਾਬਕਾ ਏਆਈਜੀ ਪੰਜਾਬ ਪੁਲਿਸ ,ਸਰਪੰਚ ਸੰਦੀਪ ਸਿੰਘ ਜਰਖੜ , ਸੁਖਵਿੰਦਰ ਸਿੰਘ ਚੈਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ,ਤਜਿੰਦਰ ਸਿੰਘ ਜਰਖੜ ,ਪਰਮਜੀਤ ਸਿੰਘ ਪੰਮਾ ਗਰੇਵਾਲ ,ਅੰਤਰਰਾਸ਼ਟਰੀ ਹਾਕੀ ਖਿਡਾਰੀ ਬਲਵੰਤ ਸਿੰਘ ਬੁੱਢੇਵਾਲ , ਛਿੰਦਾ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਜਗਰੂਪ ਸਿੰਘ ਜਰਖੜ 98143-00722




# ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤਾ "ਕਿਸਾਨ ਵਿਰੋਧੀ"- ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ

**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਸੀਨੀਅਰ ਕਾਂਗਰਸੀ ਆਗੂ ਅਤੇ ਜਿਲ੍ਹਾਂ ਪ੍ਰਧਾਨ ਅਜੇ ਮੰਗੂਪੁਰ ਨੇ ਅੱਜ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਦੀ ਕੜੀ ਆਲੋਚਨਾ ਕਰਦਿਆਂ ਇਸ ਨੂੰ ਕਿਸਾਨ ਵਿਰੋਧੀ ਅਤੇ ਪੰਜਾਬ ਅਤੇ ਦੇਸ਼ ਦੀ ਖੇਤੀਬਾੜੀ ਅਰਥਵਿਵਸਥਾ ਲਈ ਗੰਭੀਰ ਖਤਰਾ ਕਰਾਰ ਦਿੱਤਾ। ਇਸ ਸੰਬੰਧੀ ਉਨ੍ਹਾਂ ਕੇਂਦਰੀ ਟ੍ਰੇਡ ਯੂਨੀਅਨ ਅਤੇ ਕਿਸਾਨ ਯੂਨੀਅਨ ਵੱਲੋਂ ਦਿੱਤੇ ਭਾਰਤ ਬੰਦ ਦੌਰਾਨ ਨਵਾਂਸ਼ਹਿਰ ਵਿਖੇ ਧਰਨੇ ਵਿੱਚ ਬਲਵਿੰਦਰ ਭੂੰਬਲਾ ਮੀਤ ਪ੍ਰਧਾਨ ਅਤੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਵੱਲੋਂ ਸਮਰਥਨ ਦਿੱਤਾ। ਅਜੇ ਮੰਗੂਪੁਰ ਨੇ ਕਿਹਾ ਕਿ ਅਮਰੀਕਾ ਤੋਂ ਸਬਸਿਡੀ ਪ੍ਰਾਪਤ ਖੇਤੀ ਉਤਪਾਦਾਂ ਦੀ ਵਧੀ ਹੋਈ ਆਯਾਤ ਦੀ ਇਜਾਜ਼ਤ ਦੇਣ ਵਾਲਾ ਕੋਈ ਵੀ ਸਮਝੌਤਾ ਭਾਰਤੀ ਕਿਸਾਨਾਂ ਨੂੰ ਤਬਾਹ ਕਰ ਦੇਵੇਗਾ, ਕਿਉਂਕਿ ਅਮਰੀਕੀ ਕਿਸਾਨਾਂ ਨੂੰ ਵੱਡੇ ਪੱਧਰ 'ਤੇ ਸਰਕਾਰੀ ਸਬਸਿਡੀਆਂ, ਆਧੁਨਿਕ ਸਹੂਲਤਾਂ ਅਤੇ ਪੱਕੀ ਮਾਰਕੀਟ ਸੁਰੱਖਿਆ ਪ੍ਰਾਪਤ ਹੈ। ਉਨ੍ਹਾਂ ਕਿਹਾ, "ਸਾਡੇ ਕਿਸਾਨ ਪਹਿਲਾਂ ਹੀ ਵਧ ਰਹੀਆਂ ਲਾਗਤਾਂ, ਐਮਐਸਪੀ ਦੇ ਸੀਮਿਤ ਵਿਸਥਾਰ ਅਤੇ ਵਧਦੇ ਕਰਜ਼ੇ ਦੇ ਬੋਝ ਹੇਠ ਹਨ। ਉਹ ਅਮਰੀਕਾ ਦੀ ਭਾਰੀ ਸਬਸਿਡੀ ਵਾਲੀ ਖੇਤੀ ਨਾਲ ਮੁਕਾਬਲਾ ਨਹੀਂ ਕਰ ਸਕਦੇ। ਇਸ ਤਰ੍ਹਾਂ ਦਾ ਸਮਝੌਤਾ ਪੰਜਾਬ ਦੀ ਖੇਤੀਬਾੜੀ ਅਰਥਵਿਵਸਥਾ ਨੂੰ ਤਬਾਹ ਕਰ ਦੇਵੇਗਾ ਅਤੇ ਕਿਸਾਨਾਂ ਨੂੰ ਹੋਰ ਵੱਡੇ ਆਰਥਿਕ ਸੰਕਟ ਵੱਲ ਧੱਕੇਗਾ।" ਉਨ੍ਹਾਂ ਚੇਤਾਵਨੀ ਦਿੱਤੀ ਕਿ ਮੱਕੀ, ਸੋਇਆਬੀਨ, ਡੇਅਰੀ ਉਤਪਾਦ ਅਤੇ ਹੋਰ



ਖੇਤੀਬਾੜੀ ਵਸਤੂਆਂ ਦੀ ਸਸਤੀ ਆਯਾਤ ਲਈ ਭਾਰਤੀ ਬਾਜ਼ਾਰ ਖੋਲ੍ਹਣ ਨਾਲ ਦੇਸ਼ ਦੇ ਅੰਦਰੂਨੀ ਭਾਅ ਡਿੱਗ ਜਾਣਗੇ, ਜਿਸ ਨਾਲ ਲੱਖਾਂ ਕਿਸਾਨਾਂ ਦੀ ਆਮਦਨ ਅਤੇ ਰੋਜ਼ੀ-ਰੋਟੀ ਨੂੰ ਸਿੱਧਾ ਨੁਕ-ਸਾਨ ਹੋਵੇਗਾ। ਅਜੇ ਮੰਗੂਪੁਰ ਨੇ ਇਹ ਵੀ ਚਿੰਤਾ ਜਤਾਈ ਕਿ ਇਹ ਸਮਝੌਤਾ ਹੌਲੀ ਹੌਲੀ ਭਾਰਤ ਦੀ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਪ੍ਰਣਾਲੀ ਅਤੇ ਸਰਕਾਰੀ ਖਰੀਦ ਮਕੈਨਿਜ਼ਮ ਨੂੰ ਕਮਜ਼ੋਰ ਕਰ ਸਕਦਾ ਹੈ, ਜੋ ਪੰਜਾਬ ਦੀ ਪੇਂਡੂ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ। ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਇਸ ਪ੍ਰਸਤਾਵਿਤ ਸਮਝੌਤੇ ਦੇ ਸਾਰੇ ਵੇਰਵੇ ਜਨਤਕ ਕਰੇ ਅਤੇ ਕਿਸਾਨ ਜਥੇਬੰਦੀਆਂ ਅਤੇ ਸੂਬਾ ਸਰਕਾਰਾਂ ਨਾਲ ਵਿਸਤ੍ਰਿਤ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਹੀ ਕਿਸਾਨਾਂ ਦੀ ਰੋਜ਼ੀ-



ਰੋਟੀ ਨਾਲ ਸੰਬੰਧਿਤ ਕੋਈ ਵੀ ਸਮਝੌਤਾ ਸਾਈਨ ਕਰੇ। ਅਜੇ ਮੰਗੂਪੁਰ ਨੇ ਦੁਹਰਾਇਆ ਕਿ ਕਾਂਗਰਸ ਪਾਰਟੀ ਅਤੇ ਆਲ ਇੰਡੀਆ ਕਿਸਾਨ ਕਾਂਗਰਸ ਕਿਸੇ ਵੀ ਅਜੇਹੇ ਵਪਾਰ ਸਮਝੌਤੇ ਦਾ ਡਟ ਕੇ ਵਿਰੋਧ ਕਰੇਗੀ ਜੋ ਭਾਰਤ ਦੀ ਖਾਦ ਸੁਰੱਖਿਆ ਨੂੰ ਨੁਕਸਾਨ ਪਹੁੰਚਾਏ, ਐਮਐਸਪੀ ਪ੍ਰਣਾਲੀ ਨੂੰ ਕਮਜ਼ੋਰ ਕਰੇ ਜਾਂ ਕਿਸਾਨਾਂ ਦੇ ਆਰਥਿਕ ਹਿੱਤਾਂ ਨੂੰ ਹਾਨੀ ਪਹੁੰਚਾਏ।

# ਸਤਨਾਮ ਚੇਚੀ ਜਲਾਲਪੁਰ ਵਲੋਂ ਪਿੰਡ ਰੱਤੇਵਾਲ ਖੁਰਦ ਕਿਸਾਨਾਂ ਬਸਤੀ ਦੀ ਪੰਚਾਇਤ ਨੂੰ 1.ਲੱਖ ਰੁਪਏ ਦੀ ਗਰਾਂਟ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਜਿਲ੍ਹਾਂ ਪ੍ਰਧਾਨ ਤੇ ਜ਼ਿਲ੍ਹਾਂ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਚੇਚੀ ਜਲਾਲਪੁਰ ਵਲੋਂ ਆਪਣੇ ਅਖਤਿਆਰੀ ਕੋਟੇ ਵਿੱਚੋਂ ਪਿੰਡ ਰੱਤੇਵਾਲ ਖੁਰਦ (ਕਿਸਾਨਾਂ ਬਸਤੀ) ਦੀ ਪੰਚਾਇਤ ਨੂੰ ਇੱਕ ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ।ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਸਤਨਾਮ ਚੇਚੀ ਜਲਾਲਪੁਰ ਨੇ ਕਿਹਾ ਕਿ ਪਿੰਡ ਰੱਤੇਵਾਲ ਖੁਰਦ (ਕਿਸਾਨਾਂ ਬਸਤੀ) ਦੀ ਪੰਚਾਇਤ ਅਤੇ ਨੌਜਵਾਨਾਂ ਦੀ ਇਸ ਮੰਗ ਨੂੰ ਦੇਖਦਿਆਂ ਹੋਇਆ ਉਹਨਾਂ ਵਲੋਂ ਆਪਣੇ ਤਿਆਰੀ ਕੋਟੇ ਵਿੱਚੋਂ ਖੇਡ ਗਰਾਊਂਡ ਦੀ ਉਸਾਰੀ ਲਈ ਇੱਕ ਲੱਖ ਰੁਪਏ ਦੀ ਗਰਾਂਟ ਪਿੰਡ ਨੂੰ ਜਾਰੀ ਕੀਤੀ ਗਈ। ਇਸ ਮੌਕੇ ਤੇ ਉਹਨਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਵੱਲ ਉਤਸ਼ਾਹਿਤ ਕਰਨ ਅਤੇ ਖੇਡ ਮੈਦਾਨਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲਾ ਕਰ ਰਹੀ ਹੈ। ਉਹਨਾਂ ਨੇ ਕਿਹਾ ਕਿ



ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਿਆਂ ਤੇ ਨਕੇਲ ਕੱਸਣ ਵਿੱਚ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਦੇ ਤਹਿਤ ਵੱਖ-ਵੱਖ ਪਿੰਡਾਂ ਵਿੱਚ ਆਪਣੇ ਪ੍ਰੋਗਰਾਮ ਕਰ ਰਹੀ ਹੈ। ਪਿੰਡ ਵਾਸੀਆਂ ਵੱਲੋਂ ਸਰਕਾਰ ਦੀ ਜਾਰੀ ਇਸ ਮੁਹਿਮ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੰਜਾਬ ਦੇ 3000+ ਪਿੰਡਾਂ ਵਿੱਚ ਖੇਡ ਮੈਦਾਨ ਬਣਾਉਣ ਲਈ ਰਾਸ਼ੀ ਵੀ ਜਾਰੀ ਕੀਤੀ ਗਈ ਹੈ। ਪਿੰਡ ਦੀ ਪੰਚਾਇਤ ਵੱਲੋਂ ਸਤਨਾਮ ਚੇਚੀ ਜਲਾਲਪੁਰ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਜਸਵਿੰਦਰ ਕੁਮਾਰ ਕਿਸਾਨਾਂ ਸਰਪੰਚ, ਪੰਚ ਸਰਵਜੀਤ,ਪੰਚ ਕਮਲੇਸ਼, ਪੰਚ ਸ਼ਿੰਦਰ ਪਾਲ,ਪੰਚ ਬਬਲੀ, ਤੀਰਥ ਰਾਮ ਫੌਜੀ ਸਾਬਕਾ ਪੰਚ, ਰਾਮ ਕੁਮਾਰ ਸਾਬਕਾ ਪੰਚ, ਬਨਾਰਸੀ ਦਾਸ, ਹਰੀਸ਼ ਚੰਦਰ, ਜਸਵੰਤ ਰਾਏ , ਪਾਵਨ ਕੁਮਾਰ ਸਾਬਕਾ ਪੰਚ, ਸੁਰੇਸ਼ ਕੁਮਾਰ ਸਾਬਕਾ ਪੰਚ, ਮਹਿੰਦਰ ਪਾਲ, ਰਕੇਸ਼ ਕੁਮਾਰ (ਬੱਬੂ),ਸ਼ਿੰਦਰ ਪਾਲ ਠੇਕੇਦਾਰ, ਰਕੇਸ਼ ਕੁਮਾਰ, ਮਦਨ ਲਾਲ, ਰਮਨ ਕੁਮਾਰ,ਨਵਜੋਤ ਸਿੰਘ ਜਸਵਿੰਦਰ ਕੁਮਾਰ, ਬਲਜਿੰਦਰ ਕੁਮਾਰ, ਦਿਨੇਸ਼ ਕੁਮਾਰ,ਚੇਤਨ ਕਿਸਾਨਾਂ ,ਕਬੀਰ ਕਿਸਾਨਾਂ,ਮੁਕਲ ਕੁਮਾਰ, ਵਾਰਿਸ ਚੌਧਰੀ ਮੌਜੂਦ ਸਨ।

# ਗੋਲੂ ਮਾਜਰਾ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਨਵਾਂਸ਼ਹਿਰ /ਕਾਠਗੜ੍ਹ, ( ਜਤਿੰਦਰਪਾਲ ਸਿੰਘ ਕਲੇਰ )** ਨਜ਼ਦੀਕੀ ਪਿੰਡ ਗੋਲੂ ਮਾਜਰਾ ਵਿਖੇ ਸਮੂਹ ਨਗਰ ਨਿਵਾਸੀ ਸੰਗਤਾਂ ਵੱਲੋਂ ਸਤਿਗੁਰੂ ਰਵਿਦ-ਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ। ਇਸ ਸਬੰਧ ਵਿੱਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸੰਪੂਰਨਤਾ ਦੇ ਭੋਗ ਪਾਏ ਜਾਣ ਉਪਰੰਤ ਭਾਈ ਗੁਰਨਾਮ ਸਿੰਘ ਜਲਾਲਾ ਬਲਾਚੌਰ ਤੇ ਉਨਾਂ ਦੇ ਸਾਥੀ ਭਾਈ ਹਿੰਮਤ ਸਿੰਘ ਤੇ ਭਾਈ ਸ਼ਮਸ਼ੇਰ ਸਿੰਘ ਦੇ ਰਾਗੀ ਜੱਥੇ ਵੱਲੋਂ ਦੇ ਇਲਾਹੀ ਕੀਰਤਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਨਾਲ ਸੰਬੰਧਿਤ ਕਥਾ ਵਿਚਾਰਾਂ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ।

ਭਾਈ ਅਜੀਤ ਸਿੰਘ ਬੇਹਰੜੀ ਨੇ ਗੁਰੂ ਨਾਲ ਸੱਚੀ ਪ੍ਰੀਤ ਅਤੇ ਜੀਵਨ ਦੇ ਰੁਝੇਵਿਆਂ ਵਿੱਚੋਂ ਕੁਝ ਪਲ ਸਤਿਸੰਗ ਲਈ ਕੱਢਣ ਦਾ ਸੰਦੇਸ਼ ਵੀ ਦਿੱਤਾ। ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰੂ ਘਰ ਹਾਜ਼ਰੀ ਭਰੀ ਅਤੇ ਸਤਿਗੁਰੂ ਦੇ ਜਨਮ ਦਿਹਾੜੇ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਹਰਦਿਆਲ ਚੰਦ ਵੱਲੋਂ ਸੰਗਤਾਂ ਨੂੰ ਪ੍ਰਕਾਸ਼ ਦਿਹਾੜੀ ਦੀ ਵਧਾਈ ਦਿੰਦੇ ਹੋਏ ਧੰਨਵਾਦ ਸੱਭ ਦਾ ਕੀਤਾ ਗਿਆ। ਇਸ ਮੌਕੇ ਸੰਗਤਾਂ ਲਈ ਚਾਹ- ਪਕੌੜਿਆਂ ਤੋਂ ਇਲਾਵਾ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ 'ਤੇ ਸਾਬਕਾ ਸਰਪੰਚ ਬਲਵੀਰ ਚੰਦ, ਸ਼ਾਮ ਲਾਲ ਦਿੱਲੀ, ਸੰਦੀਪ ਕੁਮਾਰ ਬਾਵਾ, ਜਸਪਾਲ ਭਾਟੀਆ, ਤਿਲਕ ਰਾਜ ਯੂਐਸਏ, ਦਮਨਪ੍ਰੀਤ ਸਿੰਘ







**ਗੋਲੂ ਮਾਜਰਾ ਵਿਖੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਨਾਏ ਗਏ ਪ੍ਰਕਾਸ਼ ਦਿਹਾੜੇ ਦੀਆਂ ਤਸਵੀਰਾਂ।**

ਦਿੱਲੀ, ਰਾਮਦਾਸ, ਹਰਦਿਆਲ ਚੰਦ, ਰਾਮਜੀ ਦਾਸ, ਜਸਵੰਤ ਰਾਏ, ਗੁਰਦਿਆਲ, ਜੋਗਿੰਦਰ ਪਾਲ, ਹਰਵਿੰਦਰ ਭਾਟੀਆ, ਦੇਸਰਾਜ ਮਾਲੇਵਾਲ, ਓਮਨਾਥ, ਰਾਮ ਸ਼ਾਹ, ਮਾ. ਰਾਜਕੁਮਾਰ, ਜਸਵੀਰ, ਧਰਮਵੀਰ, ਰਾਕੇਸ਼ ਕੁਮਾਰ ਲੱਕੀ, ਰਜਿੰਦਰ ਕੁਮਾਰ, ਹਰਬੰਸ ਲਾਲ, ਦੀਪਕ ਕੁਮਾਰ, ਕੇਵਲ, ਨਰਿੰਦਰ ਕੁਮਾਰ, ਸੁਖਦੇਵ ਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਬਿਨ੍ਹਾਂ ਪ੍ਰਵਾਨਗੀ ਤੋਂ ਬੋਰਵੈੱਲਾਂ/ਟਿਊਬਵੈਲਾਂ ਦੀ ਖੁਦਾਈ ਤੇ ਮੁਰੰਮਤ 'ਤੇ ਪਾਬੰਦੀ

## ਜ਼ਿਲ੍ਹਾ ਮੈਜਿਸਟਰੇਟ ਨੇ ਵਿਸਥਾਰ 'ਚ ਕੀਤੇ ਹੁਕਮ ਜਾਰੀ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )**ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਸੁਪਰੀਮ ਕੋਰਟ ਦੇ ਹੁਕਮ ਦੀ ਰੋਸ਼ਨੀ 'ਚ ਜਲ ਸ੍ਰੋਤ ਮੰਤਰਾਲਾ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਤਹਿਤ ਬੋਰਵੈੱਲਾਂ/ਟਿਊਬਵੈੱਲਾਂ ਦੀ ਖੁਦਾਈ/ਮੁਰੰਮਤ ਦੇ ਮੱਦੇਨਜ਼ਰ ਸ਼ਹਿਰੀ ਅਤੇ ਪੇਂਡੂ ਖੇਤਰਾਂ 'ਚ ਕੱਚੀਆਂ ਖੂਹੀਆਂ ਅਤੇ ਟਿਊਬਵੈੱਲ ਪੁੱਟਣ ਕਾਰਨ ਲੋਕਾਂ ਅਤੇ ਬੱਚਿਆਂ ਦੇ ਇਨ੍ਹਾਂ ਬੋਰਵੈਲਾਂ 'ਚ ਗਿਰਨ ਦੇ ਖਦਸ਼ੇ ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਬਿਨਾਂ ਮਨਜ਼ੂਰੀ ਬੋਰਵੈੱਲ ਪੁੱਟਣ ਜਾਂ ਡੂੰਘੇ ਕਰਨ 'ਤੇ ਰੋਕ ਲਾਈ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਇਸ ਕਾਰਜ ਲਈ ਸਮਰੱਥ ਅਧਿਕਾਰੀ ਪਾਸੋਂ ਬਾ-ਸ਼ਰਤ ਪ੍ਰਵਾਨਗੀ ਨੂੰ ਲਾਜ਼ਮੀ ਕਰ ਦਿੱਤਾ ਹੈ। ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮ ਅਨੁਸਾਰ ਜ਼ਮੀਨ ਮਾਲਕ ਵਾਸਤੇ ਬੋਰਵੈੱਲ ਪੁੱਟਣ ਤੋਂ ਪਹਿਲਾਂ ਸਬੰਧਤ ਜ਼ਿਲ੍ਹਾ ਕੁਲੈਕਟਰ, ਸਬੰਧਤ ਗ੍ਰਾਂਮ ਪੰਚਾਇਤ, ਨਗਰ ਕੌਂਸਲ, ਜਨ ਸਿਹਤ ਵਿਭਾਗ, ਭੂਮੀ ਰੱਖਿਆ ਵਿਭਾਗ (ਗਰਾਊਂਡ ਵਾਟਰ) ਨੂੰ 15 ਦਿਨ ਪਹਿਲਾਂ ਸੂਚਿਤ ਕਰਨਾ ਜ਼ਰੂਰੀ ਹੋਵੇਗਾ ਅਤੇ ਖੂਹ ਅਤੇ ਬੋਰਵੈੱਲ ਪੁਟਣ ਜਾਂ ਮੁਰੰਮਤ ਕਰਨ ਵਾਲੀਆਂ ਸਾਰੀਆਂ ਏਜੰਸੀਆਂ ਦੀ ਰਜਿਸਟ੍ਰੇਸ਼ਨ ਹੋਣੀ ਲਾਜ਼ਮੀ ਹੈ। ਇਸੇ ਤਰ੍ਹਾਂ ਖੂਹ/ਬੋਰਵੈੱਲ ਪੁਟਣ ਜਾਂ ਮੁਰੰਮਤ ਵਾਲੀ ਥਾਂ



'ਤੇ ਡਰਿਲਿੰਗ ਏਜੰਸੀ ਦਾ ਅਤੇ ਖੂਹ ਪੁਟਾਏ ਜਾਣ ਵਾਲੇ ਮਾਲਕ ਦਾ ਪੂਰੇ ਪਤੇ ਵਾਲਾ ਸਾਈਨ ਬੋਰਡ ਲਗਾਇਆ ਜਾਵੇ ਜਿਸ 'ਤੇ ਏਜੰਸੀ ਦਾ ਰਜਿਸਟ੍ਰੇਸ਼ਨ ਨੰਬਰ ਵੀ ਲਿਖਿਆ ਹੋਵੇ। ਇਸ ਦੇ ਨਾਲ ਹੀ ਬੋਰਵੈੱਲ ਦੇ ਆਲੇ-ਦੁਆਲੇ ਕੰਡਿਆਲੀ ਤਾਰ ਅਤੇ ਇਸ ਨੂੰ ਸਟੀਲ ਪਲੇਟ ਦੇ ਢੱਕਣ ਨਾਲ ਨੱਟ ਬੋਲਟ ਲਗਾ ਕੇ ਬੰਦ ਕਰਨਾ ਲਾਜ਼ਮੀ ਹੋਵੇਗਾ ਅਤੇ ਖੂਹ/ਬੋਰ ਦਾ ਢਕਣ ਕੇਸਿੰਗ ਪਾਇਪ ਨਾਲ ਨੱਟ ਬੋਲਟ ਨਾਲ ਫਿਕਸ ਹੋਣਾ ਚਾਹੀਦਾ ਹੈ। ਜਾਰੀ ਹੁਕਮਾਂ ਅਨੁਸਾਰ ਖੂਹ/ਬੋਰਵੈੱਲ ਦੇ ਆਲੇ-ਦੁਆਲੇ ਸੀਮਿੰਟ/ਕੰਕਰੀਟ ਦਾ ਪਲੇਟਫ਼ਾਰਮ ਜੋ ਜ਼ਮੀਨੀ ਪੱਧਰ ਤੋਂ 0.30 ਮੀਟਰ ਨੀਵਾਂ ਅਤੇ 0.30 ਮੀਟਰ ਉੱਚਾ ਹੋਵੇ, ਦੀ ਉਸਾਰੀ ਲਾਜ਼ਮੀ ਹੋਵੇਗੀ। ਇਸ ਤੋਂ ਇਲ-ਾਵਾ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਉਪਰੰਤ ਜੇਕਰ ਖਾਲੀ ਥਾਂ ਕੋਈ ਹੋਵੇ ਤਾਂ ਉਸ ਨੂੰ ਮਿੱਟੀ ਨਾਲ ਭਰਿਆ ਜਾਵੇ ਅਤੇ ਕੰਮ ਪੂਰਾ ਹੋਣ ਉਪਰੰਤ ਜ਼ਮੀਨੀ ਪੱਧਰ ਨੂੰ ਪਹਿਲਾ ਜਿਹਾ ਕੀਤਾ ਜਾਵੇ। ਖੂਹ ਜਾਂ ਬੋਰਵੈਲ ਨੂੰ ਕਿਸੇ ਵੀ ਹਾਲਤ 'ਚ ਖੁੱਲਾ ਨਾ ਛੱਡਿਆ ਜਾਵੇ। ਕੋਈ ਵੀ ਵਿਅਕਤੀ ਖੂਹ/ਬੋਰਵੈਲ ਪੁੱਟਣ ਜਾਂ ਮੁਰੰਮਤ ਕਰਨ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਲਿਖਤੀ ਪ੍ਰਵਾਨਗੀ ਲਵੇਗਾ ਅਤੇ ਉਨ੍ਹਾਂ ਦੀ ਦੇਖ-ਰੇਖ ਤੋਂ ਬਿਨਾਂ ਕੰਮ ਨਹੀਂ ਕਰਵਾਏਗਾ।ਪੇਂਡੂ ਇਲਾਕੇ 'ਚ ਸਰਪੰਚ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਸ਼ਹਿਰੀ ਇਲਾਕੇ 'ਚ ਜਨ ਸਿਹਤ ਵਿਭਾਗ, ਭੂਮੀ ਰੱਖਿਆ (ਗਰਾਂਊਂਡ ਵਾਟਰ), ਨਗਰ ਕੌਂਸਲਾਂ ਦੇ ਜੂਨੀਅਰ ਇੰਜੀਨੀਅਰਾਂ ਅਤੇ ਕਾਰਜਕਾਰੀ ਇੰਜੀਨੀਅਰਾਂ ਵੱਲੋਂ ਆਪਣੇ-ਆਪਣੇ ਅਧਿਕਾਰ ਖੇਤਰ ਦੀ ਇਸ ਸਬੰਧੀ ਬਾਕ-ਾਇਦਾ ਰਿਪੋਰਟ ਤਿਆਰ ਕੀਤੀ ਜਾਵੇਗੀ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਕਿੰਨੇ ਬੋਰਵੈੱਲ/ ਖੂਹ ਆਦਿ ਨਵੇਂ ਖੁਦਵਾਏ ਗਏ, ਕਿੰਨਿਆਂ ਦੀ ਮੁਰੰਮਤ ਕਰਵਾਈ, ਕਿੰਨੇ ਵਰਤੋਂ ਵਿੱਚ ਹਨ ਅਤੇ ਕਿੰਨੇ ਭਰਵਾਏ ਗਏ। ਇਹ ਰਿਪੋਰਟ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦੇ ਦਫ਼ਤਰ ਨੂੰ ਹਰ ਮਹੀਨੇ ਭੇਜੀ ਜਾਵੇਗੀ। ਇਹ ਹੁਕਮ 5 ਅਪ੍ਰੈਲ 2026 ਤੱਕ ਲਾਗੂ ਰਹੇਗਾ।

# ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਜ਼ਿਲ੍ਹਾ ਪੱਧਰੀ ਕੈਂਪ 26 ਫਰਵਰੀ ਨੂੰ – ਡਿਪਟੀ ਕਮਿਸ਼ਨਰ

## ਅਧਿਕਾਰੀਆਂ ਨੂੰ ਢੁੱਕਵੇਂ ਪ੍ਰਬੰਧ ਕਰਨ ਦੇ ਦਿੱਤੇ ਨਿਰਦੇਸ਼

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਜ਼ਿਲ੍ਹਾ ਪੱਧਰ 'ਤੇ ਔਰਤਾਂ ਲਈ ਸਿਹਤ ਅਤੇ ਰੋਜ਼ਗਾਰ ਸਬੰਧੀ ਕੈਂਪ 26 ਫਰਵਰੀ ਨੂੰ ਆਈ.ਟੀ.ਆਈ ਨਵਾਂਸ਼ਹਿਰ ਦੀ ਗਰਾਊਂਡ ਵਿਖੇ ਲਗਾਇਆ ਜਾਵੇਗਾ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਮੀਟਿੰਗ ਦੌਰਾਨ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕੈਂਪ ਸਬੰਧੀ ਢੁੱਕਵੇਂ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਬੇਟੀ ਬਚਾਓ ਬੇਟੀ ਪੜ੍ਹਾਓ ਸਕੀਮ ਤਹਿਤ ਔਰਤਾਂ ਦੀ ਸਿਹਤ ਲਈ ਅਤੇ ਔਰਤਾਂ ਨੂੰ ਰੋਜ਼ਗ-ਾਰ ਦੇਣ ਲਈ ਜ਼ਿਲ੍ਹੇ ਅੰਦਰ ਜ਼ਿਲ੍ਹਾ ਪੱਧਰੀ ਕੈਂਪ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ



ਪੱਧਰੀ ਕੈਂਪ ਦੇ ਪ੍ਰਬੰਧਾਂ ਵਿੱਚ ਕਿਸੇ ਵੀ ਕਿਸਮ ਦੀ ਕਮੀ ਬਰਦਾਸ਼ ਨਹੀ ਕੀਤੀ ਜਾਵੇਗੀ। ਉਨ੍ਹਾਂ ਰੋਜ਼ਗਾਰ ਵਿਭਾਗ ਦੇ ਅਧਿਕਾਰੀਆਂ ਨੂੰ ਲੱਗਣ ਵਾਲੇ ਕੈਂਪ ਵਿੱਚ ਵੱਧ ਤੋਂ ਵੱਧ ਕੰਪਨੀਆਂ ਨੂੰ ਬੁਲ-ਾਉਣ ਦੀ ਹਦਾਇਤ ਕੀਤੀ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸੰਚਾਰ ਦਾ ਭਰੋਸੇਯੋਗ ਸਾਧਨ " ਰੇਡੀਓ"




ਅੱਜ ਦੇ ਡਿਜੀਟਲ ਯੁੱਗ ਵਿੱਚ ਵੀ ਰੇਡੀਓ ਦੀ ਆਪਣੀ ਵਿਸ਼ੇਸ਼ਤਾ ਹੈ। ਇਹ ਇੱਕ ਸੰਚਾਰ ਦਾ ਭਰੋਸੇਯੋਗ ਅਜਿਹਾ ਸਾਧਨ ਹੈ ਜੋ ਦੂਰ-ਦੁਰਾਡੇ ਇਲਾਕਿਆਂ, ਪੜ੍ਹਨ-ਲਿਖਣ ਤੋਂ ਅਸਮਰੱਥ ਲੋਕਾਂ ਅਤੇ ਹਰ ਵਰਗ ਤੱਕ ਆਸਾਨੀ ਨਾਲ ਸੂਚਨਾ ਪਹੁੰਚਾਉਣ ਦਾ ਕੰਮ ਕਰਦਾ ਹੈ। ਰੇਡੀਓ ਸਿਰਫ਼ ਇੱਕ ਮਸ਼ੀਨ ਹੀ ਨਹੀਂ, ਸਗੋਂ ਲੋਕਾਂ ਦੀ ਭਾਵਨਾਵਾਂ ਅਤੇ ਜਾਣਕਾਰੀ ਦਾ ਸਾਥੀ ਹੈ, ਜੋ ਅੱਜ ਵੀ ਸਾਡੀ ਜ਼ਿੰਦਗੀ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਕੋਈ ਵਕਤ ਸੀ ਜਦੋਂ ਪਿੰਡ ਵਿੱਚ ਕਿਸੇ ਇੱਕ ਜਾਂ ਦੋ ਘਰ ਵਿੱਚ ਹੀ ਰੇਡੀਓ ਸੈੱਟ ਹੁੰਦਾ ਸੀ ਜਾਂ ਫਿਰ ਪਿੰਡ ਦੀ ਪੰਚਾਇਤ ਕੋਲ ਸਾਂਝਾ ਰੇਡੀਓ ਹੁੰਦਾ ਸੀ ਜਿਸ ਨੂੰ ਇੱਕ ਸਾਝੀਂ ਥਾਂ 'ਤੇ ਲਗਾਇਆ ਜਾਂਦਾ ਸੀ ਅਤੇ ਸਾਰਾ ਪਿੰਡ ਸੁਣਦਾ ਸੀ। 1965 ਅਤੇ 1971 ਦੀਆਂ ਭਾਰਤ-ਪਾਕਿ ਜੰਗਾਂ ਸਮੇਂ ਭਾਰਤੀ ਰੇਡੀਓ ਨੇ ਆਮ ਲੋਕਾਂ ਲਈ ਇੱਕ ਬਹੁਤ ਮੱਹਤਵਪੂਰਨ ਭੂਮਿਕਾ ਅਦਾ ਕੀਤੀ ਸੀ। ਕੇਵਲ ਖ਼ਬਰਾਂ ਜਾਂ ਸੂਚਨਾਵਾਂ ਹੀ ਨਹੀਂ, ਰੇਡੀਓ ਮਨੋਰੰਜਨ ਦਾ ਵੀ ਵੱਡਾ ਸਾਧਨ ਹੈ। ਬਹੁਤ ਸਾਰੇ ਲੇਖਕਾਂ, ਗਾਇਕਾਂ ਅਤੇ ਲੋਕ ਕਲਾਵਾਂ ਨੂੰ ਪੂਰੀ ਦੁਨੀਆਂ ਸਾਹਮਣੇ ਲਿਆਉਣ ਲਈ ਰੇਡੀਓ ਨੇ ਇੱਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਹੈ। ਪੂਰੀ ਦੁਨੀਆਂ ਵਿੱਚ ਹਰ ਸਾਲ 13 ਫਰਵਰੀ ਨੂੰ ਰੇਡੀਓ ਦਿਵਸ ਮਨਾਇਆ ਜਾਂਦਾ ਹੈ ਕਿਉਂਕਿ ਇਸ ਦਿਨ ਹੀ 1946 ਈਸਵੀ ਵਿੱਚ ਸਯੁੰਕਤ ਰਾਸ਼ਟਰ ਸੰਘ ਦੇ ਰੇਡੀਓ ਸਟੇਸ਼ਨ ਦੀ ਸਥਾਪਨਾ ਹੋਈ ਸੀ। ਯੂਨੇਸਕੋ ਦੀ ਆਮ ਸਭਾ ਦੇ ਵਿੱਚ 3 ਨਵੰਬਰ 2011 ਨੂੰ ਇੱਕ ਮਤਾ ਪਾਸ ਕਰਕੇ ਇਸ ਦਿਨ ਨੂੰ ਮਨਾਉਣ ਦੀ ਸ਼ੁਰੂਆਤ 13 ਫਰਵਰੀ ਸਾਲ 2012 ਤੋਂ ਹੋਈ। ਰੇਡੀਓ ਸ਼ਬਦ ਅਸਲ 'ਚ ਰੇਡੀਅਸ ਨਾਂ ਦੇ ਲਾਤੀਨੀ ਸ਼ਬਦ ਤੋਂ ਬਣਿਆ ਜਿਸ ਦਾ ਅਰਥ ਹੈ ਤਰੰਗਾਂ। ਜੇਮਜ਼ ਕਲਾਰਕ ਮੈਕਸਵੈਲ ਅਤੇ ਮਾਈਕਲ ਫੈਰਾਡੇ ਸਾਇੰਸਦਾਨਾਂ ਨੇ ਬਿਜਲੀ ਚੁੰਬਕੀ ਤਰੰਗਾਂ ਦੀ ਖੋਜ ਕੀਤੀ। ਇਨ੍ਹਾਂ ਤਰੰਗਾਂ ਦੇ ਆਧਾਰ 'ਤੇ ਇਟਲੀ ਦੇ ਗੁਗਲੀਏਲਮੋ ਮਾਰਕੋਨੀ ਨੇ 1901 ਵਿੱਚ ਰੇਡੀਓ ਦੀ ਖੋਜ ਕੀਤੀ। ਰੇਡੀਓ ਤਰੰਗਾਂ ਰਾਹੀਂ ਇਲੈਕਟ੍ਰੋਮੈਗਨੈਟਿਕ ਊਰਜਾ ਪ੍ਰਸਾਰਿਤ ਅਤੇ ਪ੍ਰਾਪਤ ਕਰਦੇ ਹਨ। ਰੇਡੀਓ ਸਿਗਨਲ ਇਲੈਕਟ੍ਰਾਨਿਕ ਕਰੰਟ ਹੁੰਦੇ ਹਨ ਜੋ ਪ੍ਰਕਾਸ਼ ਦੀ ਗਤੀ ਨਾਲ ਹਵਾ ਰਾਹੀਂ ਯਾਤਰਾ ਕਰਦੇ ਹਨ। ਸਿਗਨਲ ਇੱਕ ਟ੍ਰਾਂਸਮੀਟਰ ਤੋਂ ਇੱਕ ਐਂਟੀਨਾ ਦੁਆਰਾ ਤੁਹਾ-ਡੇ ਰੇਡੀਓ ਵਿੱਚ ਇੱਕ ਰਿਸੀਵਰ ਨਾਲ ਜੁੜੇ ਇੱਕ ਹੋਰ ਐਂਟੀਨਾ ਵਿੱਚ ਬਾਹਰ ਨਿਕਲਦੇ ਹਨ। ਇੱਕ ਵਾਰ ਜਦੋਂ ਤੁਹਾਡਾ ਰੇਡੀਓ ਇਹਨਾਂ ਤਰੰਗਾਂ ਨੂੰ ਪ੍ਰਾਪਤ ਕਰਦਾ ਹੈ, ਤਾਂ ਇਹ ਉਹਨਾਂ ਨੂੰ ਆਪਣੇ ਸਪੀਕਰਾਂ ਰਾਹੀਂ ਉਹਨਾਂ ਅਵਾਜ਼ ਤਰੰਗਾਂ ਵਿੱਚ ਅਨੁਵਾਦ ਕਰਦਾ ਹੈ ਜੋ ਤੁਹਾਡੇ ਮਨੁੱਖੀ ਕੰਨ ਸਮਝ ਸਕਦੇ ਹਨ। ਪਹਿਲੇ ਸਮੇਂ ਵਿੱਚ ਰੇਡੀਓ ਨੂੰ ਸਮੁੰਦਰੀ ਜਹਾਜ਼ਾਂ ਤਕ ਸੁਨੇਹਾ ਭੇਜਣ ਦੇ ਨਾਲ ਨਾਲ ਰਾਜਨੀਤਕ ਤੇ ਫੌਜੀ ਸੂਚਨਾਵਾਂ ਆਦਿ ਦੇਣ ਲਈ ਵਰਤਿਆ ਜਾਂਦਾ ਸੀ। ਬਾਅਦ ਵਿੱਚ ਰੇਡੀਓ ਆਮ ਜਨਤਾ ਲਈ ਖਬਰਾਂ ਅਤੇ ਮਨੋਰੰਜਨ ਦਾ ਸਾਧਨ ਬਣ ਗਿਆ। ਉਸ ਸਮੇਂ ਰੇਡੀਓ ਸੈੱਟ ਖਰੀਦਣ ਲਈ ਲਾਇਸੈਂਸ ਫੀਸ ਦੇਣੀ ਪੈਂਦੀ ਸੀ। ਅੱਜ-ਕੱਲ੍ਹ ਦੁਨੀਆਂ ਵਿੱਚ ਇੱਕ ਲੱਖ ਤੋਂ ਵੱਧ ਸਰਗਰਮ ਰੇਡੀਓ ਸਟੇਸ਼ਨ ਹਨ ਜਿਨ੍ਹਾਂ ਵਿੱਚ ਜਨਤਕ ਤੋਂ ਇਲ-ਾਵਾ ਨਿੱਜੀ ਰੇਡੀਓ ਸਟੇਸ਼ਨ ਵੀ ਸ਼ਾਮਿਲ ਹਨ। ਸਾਡੇ ਦੇਸ਼ ਵਿੱਚ 1923-24 'ਚ ਪਹਿਲੀ ਵਾਰ ਰੇਡੀਓ ਦਾ ਪ੍ਰਸਾਰਨ ਮੁੰਬਈ ਤੋਂ ਹੋਇਆ। 1929 ਨੂੰ ਭਾਰਤੀ ਸਟੇਟ ਪ੍ਰਸਾਰਣ ਸਰਵਿਸ ਦੀ ਸਥਾਪਨਾ ਕੀਤੀ ਗਈ। 1936 ਵਿੱਚ ਇਸ ਦਾ ਨਾਂ ਆਲ ਇੰਡੀਆ ਰੇਡੀਓ (ਏ.ਆਈ.ਆਰ.) ਰੱਖਿਆ ਗਿਆ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਸ ਨੂੰ ਆਕਾਸ਼ਵਾਣੀ ਦਾ ਨਾਂ ਦਿੱਤਾ ਗਿਆ। ਉਸ ਵਕਤ ਰੇਡੀਓ ਦੀ ਆਮਦ ਨਾਲ ਦੁਨੀਆਂ ਵਿੱਚ ਤਹਿਲਕਾ ਮਚ ਗਿਆ ਸੀ। ਭਾਰਤ ਵਰਗੇ ਦੇਸ਼ ਦੇ ਲੋਕਾਂ ਲਈ ਰੇਡੀਓ ਕਿਸੇ ਜਾਦੂ ਵਾਂਗ ਸੀ। ਰੇਡੀਓ ਦੀ ਆਮਦ ਨੇ ਟੇਪ ਰਿਕਾਰਡਰ ਅਤੇ ਟੈਲੀਵਿਜ਼ਨ ਆਦਿ ਜਿਹੀਆਂ ਹੋਰ ਬਹੁਤ ਸਾਰੀਆਂ ਖੋਜਾਂ ਲਈ ਪ੍ਰੇਰਕ ਦਾ ਕੰਮ ਕੀਤਾ। ਟੈਲੀਵਿਜ਼ਨ ਦੀ ਕਾਢ ਨਾਲ ਇੱਕ ਵਾਰ ਸ਼ੱਕ ਪੈਦਾ ਹੋ ਗਿਆ ਸੀ ਕਿ ਹੁਣ ਸ਼ਾਇਦ ਰੇਡੀਓ ਦੇ ਦਿਨ ਖ਼ਤਮ ਹੋ ਜਾਣਗੇ, ਪਰ ਰੇਡੀਓ ਦੀ ਸਰਦਾਰੀ ਨੂੰ ਟੈਲੀਵਿਜ਼ਨ ਤਾਂ ਕੀ, ਬਾਅਦ ਵਿੱਚ ਆਏ ਵੀ.ਸੀ.ਆਰ ਤੇ ਹੋਰ ਸਾਧਨ ਵੀ ਪ੍ਰਭਾਵਿਤ ਨਹੀਂ ਕਰ ਪਾਏ। ਅੱਜ ਭਾਵੇਂ ਇੰਟਰਨੈੱਟ ਅਤੇ ਹੋਰ ਕਈ ਤਰ੍ਹਾਂ ਦਾ ਮੀਡੀਆ ਲੋਕਾਂ ਵਿੱਚ ਆ ਚੁੱਕਾ ਹੈ ਪਰ ਇਸ ਦੇ ਬਾਵਜੂਦ ਰੇਡੀਓ ਦੀ ਪ੍ਰਸੰਗਿਕਤਾ ਬਰਕਰਾਰ ਹੈ। ਦੂਰ-ਦਰਾਜ਼ ਦੇ ਅਵਿਕਸਿਤ ਪਿੰਡਾਂ ਦੇ ਲੋਕਾਂ ਨੂੰ ਰੇਡੀਓ ਹੀ ਜਾਣਕਾਰੀ ਅਤੇ ਮਨੋਰੰਜਨ ਦੇ ਰਿਹਾ ਹੈ। ਵਿਦੇਸ਼ਾਂ ਵਿੱਚ ਤਾਂ ਰੇਡੀਓ, ਟਰੱਕ ਤੇ ਮੋਟਰ ਚਾਲਕਾਂ ਨੂੰ ਮੌਸਮੀ ਤਬਦੀਲੀਆਂ ਜਾਂ ਰਾਹ ਵਿੱਚ ਉਤਪੰਨ ਅੜਿੱਕਿਆਂ ਬਾਰੇ ਮੁੱਢਲੀ ਜਾਣਕਾਰੀ ਦੇਣ ਦਾ ਬਿਹਤਰੀਨ ਵਸੀਲਾ ਹੈ। ਰੇਡੀਓ ਦਾ ਨਵਾਂ ਡਿਜੀਟਲ ਰੂਪ ਐਫ.ਐਮ. ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਹੋ ਰਿਹਾ ਹੈ। ਵਿਕਸਿਤ ਮੁਲਕਾਂ ਵਿੱਚ ਟੈਲੀਵਿਜ਼ਨ ਨਾਲੋਂ ਰੇਡੀਓ ਜ਼ਿਆਦਾ ਸੁਣਿਆ ਜਾਂਦਾ ਹੈ। ਅਜੇ ਵੀ ਦੁਨੀਆਂ ਦੀ 30 ਪ੍ਰਤੀਸ਼ਤ ਆਬਾਦੀ ਇੰਟਰਨੈੱਟ ਦੀ ਸਹੂਲਤ ਤੋਂ ਵਾਂਝੀ ਹੈ ਅਤੇ ਉਨ੍ਹਾਂ ਲਈ ਗਿਆਨ ਅਤੇ ਮਨੋਰੰਜਨ ਦਾ ਸਾਧਨ ਰੇਡੀਓ ਹੀ ਹੈ। ਡੀ.ਟੀ.ਐਚ. ਸੇਵਾ ਰਾਹੀਂ ਰੇਡੀਓ ਵਿਸ਼ਵ ਦੇ ਕਿਸੇ ਵੀ ਕੋਨੇ 'ਚ ਬੈਠੇ ਹੋਏ ਸੁਣਿਆ ਜਾ ਸਕਦਾ ਹੈ। ਮੋਬਾਈਲ ਫੋਨਾਂ ਵਿੱਚ ਰੇਡੀਓ ਹੋਣ ਕਰਕੇ ਰੇਡੀਓ ਨਾਲ ਨੌਜਵਾਨਾਂ ਸਮੇਤ ਵੱਡਾ ਵਰਗ ਜੁੜਿਆ ਹੋਇਆ ਹੈ। ਰੇਡੀਓ ਸਸਤੀ ਤੇ ਪੁਖ਼ਤਾ ਇਸਤਿਹਾਰ ਬਾਜ਼ੀ ਦੇ ਸਾਧਨ ਵਜੋਂ ਆਪਣਾ ਮੁਕਾਮ ਮੁੜ ਹਾਸਲ ਕਰ ਰਿਹਾ ਹੈ। ਸਮੇਂ ਅਤੇ ਤਕਨੀਕ ਦੇ ਨਾਲ ਚੱਲਦੇ ਹੋਏ ਨਾਰਵੇ ਦੇਸ਼ ਨੇ ਦਸੰਬਰ 2017 ਵਿੱਚ ਆਪਣੇ ਸਾਰੇ ਐਫ.ਐਮ. ਰੇਡੀਓ ਸਟੇਸ਼ਨ ਬੰਦ ਕਰਕੇ ਉਸ ਦੀ ਥਾਂ ਡਿਜੀਟਲ ਰੇਡੀਓ ਸਟੇਸ਼ਨ ਚਾਲੂ ਕਰ ਲਿਆ ਹੈ। ਓੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਵਿਖੇ ਹਰ ਸਾਲ ਇਸ ਦਿਨ ਕੌਮਾਂਤਰੀ ਪੱਧਰ ਦਾ ਰੇਡੀਓ ਮੇਲਾ ਲਗਾਇਆ ਜਾਂਦਾ ਹੈ ਜਿਸ ਵਿੱਚ ਹਜ਼ਾਰਾਂ ਹੀ ਪੁਰਾਣੇ ਅਤੇ ਨਵੇਂ ਰੇਡੀਓ ਦੀ ਨੁਮਾਇਸ਼ ਕੀਤੀ ਜਾਂਦੀ ਹੈ। ਅੱਜ ਕੌਮਾਂਤਰੀ ਰੇਡੀਓ ਦਿਵਸ 'ਤੇ ਸਾਨੂੰ ਇਸ ਦੀ ਅਹਿਮੀਅਤ ਸਮਝਦੇ ਹੋਏ ਟੈਲੀਵਿਜ਼ਨ ਅਤੇ ਸਮਾਰਟ ਫੋਨ ਵਰਤਣ ਦੀ ਆਦਤ ਘੱਟ ਕਰਕੇ ਇਸ ਨੂੰ ਸੁਣਨ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਨਿੱਜੀ ਰੇਡੀਓ ਸਟੇਸ਼ਨ ਨੂੰ ਹੱਲਾਸ਼ੇਰੀ ਦੇਣ ਦੇ ਨਾਲ ਨਾਲ ਆਪਣੀ ਅਕਾਸ਼ਵਾਣੀ ਪ੍ਰਸਾਰਨ ਸੇਵਾ ਨੂੰ ਵੀ ਮਜ਼ਬੂਤ ਕਰਨਾ ਚਾਹੀਦਾ ਹੈ। ਅੱਜ ਬੇਸ਼ੱਕ ਨਵਾਂ ਵਰਗ ਨਵੀਂ ਟੈਕਨਾਲੋਜੀ ਕਾਰਨ ਰੇਡੀਓ ਤੋਂ ਦੂਰ ਹੁੰਦਾ ਜਾ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਟੈਲੀਫੋਨ, ਅਤੇ ਟੈਲੀਵਿਜ਼ਨ ਵਰਗੀਆਂ ਖੋਜਾਂ ਵੀ ਰੇਡੀਓ ਦੀ ਖੋਜ ਵਿੱਚੋ ਹੀ ਉਪਜੀਆਂ ਹਨ। ਨਵੀਂ ਪੀੜ੍ਹੀ ਤੋਂ ਪਹਿਲਾਂ ਵਾਲੇ ਲੋਕ ਸਚਮੁੱਚ ਰੇਡੀਓ ਨੂੰ ਅਜੇ ਵੀ ਪਿਆਰ ਕਰਦੇ ਹਨ ਅਤੇ ਪਹਿਲਾਂ ਵਾਂਗ ਹੀ ਸੁਣਦੇ ਹਨ, ਮਨੋਰੰਜਨ ਕਰਦੇ ਹਨ, ਰਸੋਈ ਤੋਂ ਲੈਕੇ ਖੇਤੀਬਾੜੀ ਤੱਕ ਦਾ ਗਿਆਨ ਲੈਂਦੇ ਰਹਿੰਦੇ ਹਨ ਅਤੇ ਰੇਡੀਓ ਤੇ ਇਹ ਸ਼ਬਦ ਹਮੇਸ਼ਾ ਉਨ੍ਹਾਂ ਨੂੰ ਸਕੂਨ ਦਿੰਦੇ ਹਨ।

"ਇਹ ਤੁਹਾਡਾ ਆਪਣਾ ਰੇਡੀਓ ਅਕਾਸ਼ਵਾਣੀ ਹੈ"

ਰੇਡੀਓ ਸੱਚਮੁੱਚ ਇੱਕ ਸੱਚੇ ਦੋਸਤ ਦੀ ਤਰ੍ਹਾਂ ਹੈ ਜੋ ਸਾਨੂੰ ਇਕੱਲੇਪਣ ਦਾ ਅਹਿਸਾਸ ਨਹੀਂ ਹੋਣ ਦਿੰਦਾ ਅਤੇ ਸਾਨੂੰ ਮਨੋਰੰਜਨ ਦੇ ਨਾਲ ਨਾਲ ਦੁਨੀਆਂ ਦੀ ਹਰ ਇੱਕ ਜਾਣਕਾਰੀ ਦੇਣ ਦੀ ਸਮਰੱਥਾ ਵੀ ਰੱਖਦਾ ਹੈ।



**ਕੁਲਦੀਪ ਸਿੰਘ ਸਾਹਿਲ**
**9417990040**

# ਲੇਖਕ ਮਾਸਟਰ ਸੰਜੀਵ ਧਰਮਾਣੀ ਦੀ ਬਾਲ - ਕਹਾਣੀਆਂ ਦੀ ਪੁਸਤਕ " ਹਿਰਨ ਅਤੇ ਭਾਲੂ " ਰੀਲੀਜ਼ ਹੋਈ

**ਸ਼੍ਰੀ ਅਨੰਦਪੁਰ ਸਾਹਿਬ** ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਦੀ ਬਾਲ - ਕਹਾਣੀਆਂ ਦੀ ਨਵੀਂ ਪ੍ਰਕਾਸ਼ਿਤ ਹੋਈ ਪੁਸਤਕ " ਹਿਰਨ ਅਤੇ ਭਾਲੂ " ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦੇ ਸਕੂਲ ਮੁੱਖੀ ਮੈਡਮ ਅਮਨਪ੍ਰੀਤ ਕੌਰ ਵਲੋਂ ਸਮੂਹ ਸਕੂਲ ਸਟਾਫ਼ ਦੀ ਹਾਜ਼ਰੀ ਵਿੱਚ ਰੀਲੀਜ਼ ਕੀਤੀ ਗਈ। ਇਸ ਮੌਕੇ ਸਮੂਹ ਸਕੂਲ ਸਟਾਫ਼ ਵਲੋਂ ਮਾਸਟਰ ਸੰਜੀਵ ਧਰਮਾਣੀ ਨੂੰ ਵਧਾਈ ਦਿੱਤੀ ਗਈ। ਇੱਥੇ ਦੱਸਣਯੋਗ ਹੈ ਕਿ ਮਾਸਟਰ ਸੰਜੀਵ ਧਰਮਾਣੀ ਪਹਿਲਾਂ ਵੀ ਕਈ ਪੁਸਤਕਾਂ ਲਿਖ ਚੁੱਕੇ ਹਨ ਤੇ ਸਾਹਿਤ ਵਿੱਚ ਕੀਤੇ ਵਿਸ਼ੇਸ਼ ਕਾਰਜਾਂ ਲਈ ਉਨ੍ਹਾਂ ਦਾ ਨਾਂ ਤੇ ਉਨ੍ਹਾਂ ਦੇ ਸਕੂਲ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਨਾਂ ਦੋ ਵਾਰ



ਇੰਡੀਆ ਬੁੱਕ ਆੱਫ਼ ਰਿਕਾਰ-ਡਜ਼ ਵਿੱਚ ਵੀ ਦਰਜ ਹੋ ਚੁੱਕਾ ਹੈ। ਮਾਸਟਰ ਸੰਜੀਵ ਧਰਮਾਣੀ ਨੇ ਪਰਮਾਤਮਾ ਅਤੇ ਆਪਣੇ ਸਕੂਲ ਦੇ ਸਕੂਲ ਮੁੱਖੀ ਮੈਡਮ ਅਮਨਪ੍ਰੀਤ ਕੌਰ , ਸ਼ਾਮ ਲਾਲ , ਅਮਨਦੀਪ ਸਿੰਘ ਤੇ ਸਟਾਫ਼ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਕੂਲ ਵਿਦਿਆਰਥੀਆਂ ਦੇ ਮਾਪੇ , ਪ੍ਰਿਅੰਕਾ , ਰਿਤੂ , ਰਮਨਾ ਦੇਵੀ ਤੇ ਵਿਦਿਆਰਥੀ ਹਾਜ਼ਰ ਸਨ।

# ਵਾਧੂ ਮੁਆਵਜ਼ੇ ਦੇ ਬਦਲੇ ਕੇਸ ਦਾ ਹੱਕ ਛੱਡਣ ਦੀ ਸ਼ਰਤ, ਏਅਰ ਇੰਡੀਆ ਦੀ ਪੇਸ਼ਕਸ਼ ’ਤੇ ਪੀੜਤ ਪਰਿਵਾਰਾਂ ਦਾ ਸਖ਼ਤ ਵਿਰੋਧ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** 12 ਜੂਨ ਨੂੰ ਅਹਿਮਦਾਬਾਦ ਵਿੱਚ ਹੋਏ ਭਿਆਨਕ ਜਹਾਜ਼ ਹਾਦਸੇ ਮਾਮਲੇ ’ਚ ਨਵਾਂ ਮੋੜ ਆ ਗਿਆ ਹੈ। ਮੀਡੀਆ ਰਿਪੋਰਟ ਅਨੁਸਾਰ Air Inida ਵੱਲੋਂ ਹਾਦਸੇ ਵਿੱਚ ਮਾਰੇ ਗਏ ਯਾਤਰੀਆਂ ਦੇ ਪਰਿਵਾਰਾਂ ਨੂੰ ਵਾਧੂ ਰਕਮ ਦੇ ਬਦਲੇ ਅਦਾਲਤੀ ਕੇਸ ਕਰਨ ਦਾ ਅਧਿਕਾਰ ਛੱਡਣ ਦੀ ਪੇਸ਼ਕਸ਼ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਲੰਡਨ ਜਾ ਰਹੀ ਬੋਇਨਗ 787-8 ਡਰੀਮਲਾਈਨਰ ਉਡਾਣ ਨੇ ਉਡਾਣ ਭਰਨ ਤੋਂ ਕੁਝ ਹੀ ਪਲ ਬਾਅਦ ਕਾਬੂ ਗੁਆ ਦਿੱਤਾ ਸੀ ਅਤੇ ਰਿਹਾਇਸ਼ੀ ਇਲਾਕੇ ਵਿੱਚ ਡਿੱਗਣ ਕਾਰਨ 242 ਵਿੱਚੋਂ 241 ਯਾਤਰੀਆਂ ਦੀ ਮੌਤ ਹੋ ਗਈ ਸੀ, ਜਦਕਿ ਜ਼ਮੀਨ ’ਤੇ ਮੌਜੂਦ 19 ਹੋਰ ਲੋਕ ਵੀ ਜਾਨੋਂ ਹੱਥ ਧੋ ਬੈਠੇ ਸਨ। 53 ਮ੍ਰਿਤਕ ਬ੍ਰਿਟੇਨ ਦੇ ਨਾਗਰਿਕ ਸਨ।

ਰਿਪੋਰਟ ਮੁਤਾਬਕ ਏਅਰਲਾਈਨ ਵੱਲੋਂ ਪਹਿਲਾਂ ਹੀ ਪ੍ਰਤੀ ਪਰਿਵਾਰ 25 ਲੱਖ ਰੁਪਏ ਦੀ ਅੰਤਰਿਮ ਰਕਮ ਅਤੇ ਮਾਲਕ ਟਾਟਾ ਗਰੁੱਪ ਵੱਲੋਂ 1 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਗਿਆ ਸੀ। ਹੁਣ ਦਸਤਾਵੇਜ਼ਾਂ ਅਨੁਸਾਰ ਕੁਝ ਪਰਿਵਾਰਾਂ ਨੂੰ 10 ਲੱਖ ਤੋਂ 20 ਲੱਖ ਰੁਪਏ ਤੱਕ ਦੀ ਵਾਧੂ “ਅੰਤਿਮ” ਰਕਮ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ, ਪਰ ਇਸ ਲਈ ਉਨ੍ਹਾਂ ਨੂੰ ਇਹ ਲਿਖਤੀ ਭਰੋਸਾ ਦੇਣਾ ਹੋਵੇਗਾ ਕਿ ਉਹ ਭਵਿੱਖ ਵਿੱਚ ਕਿਸੇ ਵੀ ਦੇਸ਼ ਜਾਂ ਅਦਾਲਤ ਵਿੱਚ ਕੰਪਨੀ ਜਾਂ ਨਿਰਮਾਤਾ ਖ਼ਿਲਾਫ਼ ਕੋਈ ਦਾਅਵਾ ਨਹੀਂ ਕਰਨਗੇ।


130 ਪੀੜਤ ਪਰਿਵਾਰਾਂ ਦੀ ਨੁਮਾਇੰਦਗੀ ਕਰ ਰਹੀ ਕਾਨੂੰਨੀ ਟੀਮ ਨੇ ਇਸ ਦਸਤਾਵੇਜ਼ ਦਾ ਸਖ਼ਤ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਾਂਚ ਹਾਲੇ ਜਾਰੀ ਹੈ ਅਤੇ ਜ਼ਿੰਮੇਵਾਰੀ ਤੈਅ ਨਹੀਂ ਹੋਈ, ਇਸ ਹਾਲਤ ਵਿੱਚ ਪਰਿਵਾਰਾਂ ਤੋਂ ਸਦਾ ਲਈ ਹੱਕ ਛੱਡਣ ਦੀ ਮੰਗ ਕਰਨਾ ਗਲਤ ਹੈ। ਲੰਡਨ ਹਾਈ ਕੋਰਟ ਵਿੱਚ ਵੀ ਕਈ ਪਰਿਵਾਰਾਂ ਵੱਲੋਂ ਨਿੱਜੀ ਨੁਕਸਾਨ ਦੇ ਕੇਸ ਦਰਜ ਕੀਤੇ ਗਏ ਹਨ। ਦੂਜੇ ਪਾਸੇ ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ ਹੈ ਕਿ ਕੰਪਨੀ ਹਰ ਪ੍ਰਭਾਵਿਤ ਪਰਿਵਾਰ ਦੀ ਮਦਦ ਲਈ ਵਚਨਬੱਧ ਹੈ ਅਤੇ ਅੰਤਿਮ ਮੁਆਵਜ਼ਾ ਕਾਨੂੰਨੀ ਪ੍ਰਕਿਰਿਆ ਅਨੁਸਾਰ ਅਤੇ ਪਾਰਦਰਸ਼ੀ ਢੰਗ ਨਾਲ ਤੈਅ ਕੀਤਾ ਜਾ ਰਿਹਾ ਹੈ। ਬੁਲਾਰੇ ਨੇ ਇਹ ਵੀ ਦੱਸਿਆ ਕਿ ਧਨ ਰਾਸ਼ੀ ਕਿਸੇ ਵੀ ਤਰ੍ਹਾਂ ਆਪਣੇ ਪਿਆਰਿਆਂ ਦੀ ਕਮੀ ਪੂਰੀ ਨਹੀਂ ਕਰ ਸਕਦੀ, ਪਰ ਪਰਿਵਾਰਾਂ ਨੂੰ ਸਪਸ਼ਟਤਾ ਦੇਣਾ ਜ਼ਰੂਰੀ ਹੈ।

ਇਸ ਮਾਮਲੇ ਦੀ ਅਧਿਕਾਰਕ ਜਾਂਚ ਹਾਲੇ ਜਾਰੀ ਹੈ ਅਤੇ ਅੰਤਿਮ ਰਿਪੋਰਟ ਆਉਣ ਤੋਂ ਬਾਅਦ ਹੀ ਹਾਦਸੇ ਦੇ ਅਸਲ ਕਾਰਣ ਅਤੇ ਜ਼ਿੰਮੇਵਾਰੀ ਬਾਰੇ ਸਥਿਤੀ ਸਪਸ਼ਟ ਹੋਵੇਗੀ।



# ਸਕੂਨ ਪੈਸੇ ਨਾਲ ਨ੍ਹੀਂ ਮਿਲਦਾ

ਸਕੂਨ ਪੈਸੇ ਨਾਲ ਮਿਲੇ ਇਹ ਜਰੂਰੀ ਨਹੀਂ ਹੈ। ਉਮਰ ਦੇ ਵੱਖ ਵੱਖ ਪੜਾਵਾਂ ਤੇ ਵੱਖ-ਵੱਖ ਤਰ੍ਹਾਂ ਨਾਲ ਸੁਕੂਨ ਮਿਲਦਾ ਹੈ। ਬਚਪਨ ਵਿੱਚ ਵੱਖ-ਵੱਖ ਪ੍ਰਕਾਰ ਦੇ ਖਿਡਾਉਣਿਆਂ ਨਾਲ ਸਕੂਨ ਮਿਲਦਾ ਹੈ, ਪੁਰਾਣੇ ਖਿਡਾਉਣਿਆਂ ਤੋਂ ਬਾਅਦ ਹੋਰ ਨਵੇਂ ਖਿਡਾਉਣੇ ਮਿਲਣ ਨਾਲ ਸਕੂਨ ਮਿਲਦਾ ਹੈ। ਜਵਾਨੀ ਪਹਿਰੇ ਵਿੱਚ ਇਸ਼ਕ ਮਜਾਜੀ ਨਾਲ ਸਕੂਨ ਮਿਲਦਾ ਹੈ। ਆਸ਼ਿਕ ਮਾਸ਼ੂਕ ਨੂੰ ਕਦੀ ਫੁੱਲ ਤੇ ਤੇ ਕਦੀ ਬਹੁਮੁਲੀਆਂ ਭੇਟਾਵਾਂ ਭੇਟ ਕਰਕੇ ਸੁਕੂਨ ਮਿਲਦਾ ਹੈ। ਫਿਰ ਗ੍ਰਹਿਸਥੀ ਦੇ ਜਾਲ ਵਿੱਚ ਫਸਿਆ ਹਾਏ ਪੈਸਾ ਹਾਏ ਪੈਸਾ ਕਰਦਾ ਰਹਿੰਦਾ ਹੈ। ਉਸ ਨੂੰ ਸਾਰਾ ਦਿਨ, ਗ੍ਰਹਿਸਤੀ ਚਲਾਉਣ ਦੇ ਫਿਕਰ ਵਿੱਚ, ਮਿਹਨਤ ਮੁਸ਼ੱਕਤ ਦਾ ਪੱਲਾ ਫੜ ਕੇ, ਪੈਸਾ ਕਮਾਉਣ ਦੀ ਹੋੜ ਲੱਗੀ ਰਹਿੰਦੀ ਹੈ। ਇਹੀ ਭਾਵਨਾ, ਉਸ ਨੂੰ ਇੱਕ ਜਿੰਮੇਵਾਰ ਵਿਅਕਤੀ ਬਣਾਉਂਦੀ ਹੈ।ਜਿਹੜਾ ਇਨ੍ਹਾਂ ਜ਼ਿੰਮੇਂਵਾਰੀਆਂ ਤੋਂ ਖੁੰਝ ਗਿਆ, ਫਿਰ ਉਨ੍ਹਾਂ ਨਾਲ "ਵਖਤੋਂ ਖੁੰਝੀ ਡੂਮਣੀ, ਗਾਵੇ ਆਲ ਪਤਾਲ" ਵਾਲੀ ਗੱਲ ਹੋ ਜਾਂਦੀ ਹੈ। ਆਖਰੀ ਪੜਾਅ ਆ ਜਾਂਦਾ ਹੈ ਬੁਢਾਪੇ ਵਾਲਾ। ਫਿਰ ਸ਼ਾਂਤੀ ਵਾਲੇ ਮਾਹੌਲ ਵਿੱਚ ਸੁਕੂਨ ਮਿਲਦਾ ਹੈ। ਕੋਈ ਰੋਕ ਟੋਕ ਚੰਗੀ ਨਹੀਂ ਲੱਗਦੀ।ਸ਼ੋਰ ਸ਼ਰਾਬੇ ਤੋਂ ਦੂਰ, ਕੋਈ ਹੱਸ ਕੇ ਮਿਲਦਾ ਰਹੇ, ਬੱਚਿਆਂ ਦੇ ਝੁਰਮਟ ਵਿੱਚ ਜਾਕੇ, ਉਨ੍ਹਾਂ ਨਾਲ ਹਾਸਾ ਖੇਲਾ ਕਰਕੇ ਸੁਕੂਨ ਮਿਲਦਾ ਹੈ। ਪੁਰਾਣੇ ਬੀਤੇ ਸਮੇਂ ਦੇ, ਵਧੀਆ ਬਿਤਾਏ ਪਲਾਂ ਨੂੰ ਯਾਦ ਕਰਕੇ ਵੀ ਸੁਕੂਨ ਆਨੰਦ ਮਿਲਦਾ ਹੈ।ਚੈਨ ਦੀ ਨੀਂਦ ਆ ਜਾਵੇ, ਅਪਣੇ ਹੱਥ ਦੀ ਬਣਾਈ ਇੱਕ ਚਾਹ ਦੀ ਪਿਆਲੀ ਪੀਣ ਨਾਲ, ਸਾਹਮਣੇ ਤੋਂ ਕੋਈ ਆਵੇ,ਹਲਕੀ ਜਿਹੀ ਮੁਸਕਾਨ ਦੇ ਜਾਵੇ, ਪੰਛੀਆਂ ਦੀ ਚਹਿਚਿਹਾਟ, ਸਾਰੀਆਂ ਹੀ ਸੁਕੂਨ ਦੇਣ ਵਾਲੀਆਂ ਹੁੰਦੀਆਂ ਹਨ। ਟਰੰਪ ਵਰਗੇ ਬਾਬਿਆਂ ਨੂੰ ਦੋ ਧੜਿਆਂ ਨੂੰ ਆਪਸ ਵਿੱਚ ਲੜਾਕੇ ਜਾਂ ਉਨ੍ਹਾਂ ਦੇ ਤੇਲ ਜ਼ਖੀਰੇ ਲੁੱਟ ਕੇ ਸੁਕੂਨ ਮਿਲਦਾ ਹੈ।ਇਸ ਦੀਆਂ ਤਾਜ਼ਾ ਉਦਾਹਰਣਾਂ ਵੈਨੇਜ਼ੁਏਲਾ ਅਤੇ ਗਰੀਨਲੈਂਡ ਹਨ।ਰੂਸ ਅਤੇ ਯੂਕਰੇਨ ਵਿਚਕਾਰ ਸਮਝੌਤੇ ਦੇ ਨਾਮ ਤੇ ਜੰਗਬੰਦੀ ਕਰਵਾਉਣ ਦਾ ਸਿਹਰਾ ਬੰਨ ਕੇ ਅੰਦਰਖਾਤੇ ਯੂਕਰੇਨ ਨੂੰ ਚੱਕ ਦੱਬ ਕਰਕੇ ਸੁਕੂਨ ਮਹਿਸੂਸ ਕਰਦਾ ਹੈ।





**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ**
**ਪਟਿਆਲਾ ਹਾਲ-ਆਬਾਦ**
**ਬ੍ਰਿਸਬੇਨ ਆਸਟ੍ਰੇਲੀਆ**
**ਫੋਨ ਨੰਬਰ :**
**9878469639**

# ਮੁੱਖ- ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਵੱਧ ਤੋਂ ਵੱਧ ਕਾਰਡ ਬਣਵਾਏ ਜਾਣ ਐਸ ਐਮ ਓ ਡਾਕਟਰ ਸੀਮਾ ਗੁਪਤਾ

**ਬਠਿੰਡਾ ਦੀਪਿਕਾ ਸ਼ਰਮਾ**
ਪੰਜਾਬ ਦੇ ਮੁੱਖ- ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਿਵਲ ਸਰਜਨ ਬਠਿੰਡਾ ਡਾਕਟਰ ਤਪਿੰਦਰ ਜੋਤ ਦੀ ਅਗਵਾਈ ਹੇਠ ਅੱਜ ਸਮਦ-ਾਇਕ ਸਿਹਤ ਕੇਂਦਰ ਭਗਤਾ ਭਾਈਕਾ ਵਿਖੇ ਅਹਮ ਮੀਟਿੰਗ ਕੀਤੀ ਗਈ।
ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਮੁਦਾਇਕ ਸਿਹਤ ਕੇਂਦਰ ਭਗਤਾ ਭਾਈਕਾ ਦੇ ਮੁੱਖੀ ਡਾਕਟਰ ਸੀਮਾ ਗੁਪਤਾ ਨੇ ਹਦਾਇਤ ਕੀਤੀ ਕਿ ਆਪਣੇ- ਆਪਣੇ ਪਿੰਡਾਂ ਵਿੱਚ ਮੁੱਖ- ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਵੱਧ ਤੋਂ ਵੱਧ ਕਾਰਡ ਬਣਵਾਏ ਜਾਣ। ਉਹਨਾਂ ਕਿਹਾ ਕਿ ਕਾਰਡ ਬਣਵਾਉਣ ਲਈ ਪਰਿਵਾਰ ਦਾ ਮੁਖੀ ਆਪਣਾ ਵੋਟਰ ਕਾਰਡ ਅਤੇ ਆਧਾਰ ਕਾਰਡ ਲੈ ਕੇ ਕਾਮਨ ਸਰਵਿਸ ਸੈਂਟਰ ਵਿੱਚ ਜਾਣਗੇ।



ਉਹਨਾਂ ਹਦਾਇਤ ਕੀਤੀ ਕਿ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਆਉਣ ਤੇ ਤੁਰੰਤ ਉਹਨਾਂ ਨਾਲ ਨਿੱਜੀ ਤੌਰ ਤੇ ਸੰਪਰਕ ਕੀਤਾ ਜਾਵੇ।ਇਸ ਮੌਕੇ ਬਲਾਕ ਐਜੂਕੇਟਰ ਮਾਲਵਿੰਦਰ ਸਿੰਘ ਤਿਉਣਾ ਅਤੇ ਡਾਕਟਰ ਕਰਮਜੀਤ ਕੌਰ ਨੇ ਵੀ ਸੰਬੋਧਨ ਕੀਤਾ।

# ਕਿਤਾਬਾਂ ਛੇਤੀ ਛੇਤੀ ਛੱਪਣ ਦਾ ਕਾਰਨ

ਬੜਾ ਸੋਚਿਆ ਕਿ ਕਿਸ ਤਰਾਂ ਥੋੜੇ ਦਿਨ ਬਾਅਦ ਕਿਸੇ ਦੀ ਕਿਤਾਬ ਛਪ ਜਾਂਦੀ ਹੈ ਤੇ ਉਹ ਵੀ ਅਸੀਂ ਨਾ ਨਹੀਂ ਸੁਣਿਆ ਹੁੰਦਾ ਕਈ ਵਾਰੀ, ਇਹ ਗੰਭੀਰਤਾ ਦਾ ਵਿਸ਼ਾ ਹੈ ਕਿਉਂਕਿ ਅੱਜ ਕੱਲ ਬੜੀਆਂ ਐਪਾਂ ਆ ਗਈਆਂ ਹਨ ਜਿਹਦੇ ਵਿੱਚ ਉਲਥਾ ਹੋਰ ਹੋਰ ਭਾਸ਼ਾਵਾਂ ਵਿੱਚ ਹੋ ਜਾਂਦਾ ਹੈ ਤੇ ਜਿਹੜੇ ਹਕੀਕਤ ਵਿੱਚ ਮਿਹਨਤ ਕਰਦੇ ਹਨ ਉਹਨਾਂ ਦੀਆਂ ਲਿਖਤਾਂ ਛੱਪਣ ਵਿੱਚ ਆਉਂਦੀਆਂ ਨਹੀਂ ਤੇ ਅੱਜ ਕੱਲ ਪਾਠਕ ਲੱਭਦੇ ਨਹੀਂ, ਪੜਚੋਲ ਕਰਨ ਵਾਲੇ ਵੀ, ਵਿਗੜੇ ਨਾ, ਸ਼ਲਾਘਾ ਦੇ ਫੁੱਲ ਬੰਨ੍ਹ ਦਿੰਦੇ ਹਨ ਵਿਸ਼ਲੇਸ਼ਣ ਗੰਭੀਰਤਾ ਨਾਲ ਕੋਈ ਘੱਟ ਵੱਧ ਹੀ ਕਰਦਾ ਹੈ, ਬਾਕੀ ਆਪਣੀ ਆਪਣੀ ਸੋਚ ਹੈ ਕਿਉਂਕਿ ਮੇਰਾ ਤਾਂ ਇਹੀ ਵਿਚਾਰ ਹੈ ਅੱਜ ਦਾ ਰਚਿਆ ਜਾਣ ਵਾਲਾ ਸਾਹਿਤ ਮੌਲਿਕ ਘੱਟ ਹੈ, ਬਾਕੀ ਆਪ ਸਮਝਦਾਰ ਹੋ। ਗੱਲਾਂ ਕੌੜੀਆਂ ਹਨ ਪਰ ਸੱਚੀਆਂ ਹਨ, ਵਿਚਾਰ ਹਰ ਕੋਈ ਦੇ ਸਕਦਾ ਹੈ ਇਹ ਆਜ਼ਾਦੀ ਹੈ, ਬਾਕੀ ਹਰ ਇੱਕ ਦੀ ਆਪਣੀ ਆਪਣੀ ਸੋਚ ਹੈ।



**ਕੰਵਲਜੀਤ ਕੌਰ**

# ਪਿੰਡ ਖੋਥੜਾਂ ਵਿਖੇ ਧੰਨ ਧੰਨ ਇਨਕਲਾਬੀ ਕ੍ਰਾਂਤੀਕਾਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਬੰਗਾ( ਚਰਨਜੀਤ ਸੱਲ੍ਹਾਂ )** ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਪ੍ਰਬੰਧਕ ਕਮੇਟੀ( ਰਜਿ)ਡਾ ਬੀ ਆਰ ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਕਲੱਬ (ਰਜਿ ) ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਇਨਕਲਾਬੀ ਕ੍ਰਾਂਤੀਕਾਰੀ ਗੁਰੂ ਰਵਿਦਾਸ ਮਹਾਰਾਜ ਜੀ 649 ਵਾਂ ਪ੍ਰਕਾਸ਼ ਪੁਰਬ ਪਿੰਡ ਖੋਥੜਾਂ ਵਿਖੇ ਬਹੁਤ ਸ਼ਰਧਾ ਨਾਲ ਮਨਾਇਆ ਗਿਆ। ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਸੰਤ ਜੀਤ ਰਾਮ ਮਾਹਿਲ ਗਹਿਲਾਂ ਵੱਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ। ਮਿਸ਼ਨਰੀ ਕਲਾਕਾਰ ਬਲਵਿੰਦਰ ਬਿੱਟੂ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਣਗਾਨ ਕੀਤਾ। ਪ੍ਰਬੰਧਕਾਂ ਵੱਲੋਂ ਕਲਾਕਾਰਾਂ, ਕੀਰਤਨੀ ਜਥਿਆਂ, ਦਾਨੀ ਸੱਜਣਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਸ਼ੋਕ ਕੁਮਾਰ ਸਾਬਕਾ ਸਰਪੰਚ ਵੱਲੋਂ ਸੰਗਤਾਂ ਨੂੰ



ਵਧਾਈਆਂ ਦਿੱਤੀਆਂ ਅਤੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਅਸ਼ੋਕ ਕੁਮਾਰ ਸਾਬਕਾ ਸਰਪੰਚ, ਕਮਲਜੀਤ ਸਾਬਕਾ ਸਰਪੰਚ,ਡਾ ਮੋਹਣ ਲਾਲ ਬੱਧਣ, ਸੋਮਨਾਥ, ਬਲਜੀਤ, ਰੇਖਾ ਰਾਣੀ ਸੰਮਤੀ ਮੈਂਬਰ, ਮਹਿੰਦਰ ਪਾਲ, ਵਰਿੰਦਰ, ਚਾਂਦੀ ਰਾਮ, ਗੁਰਮੀਤ, ਨਿਰਮਲ ਕੌਰ ਪੰਚ, ਅਨਵਰ, ਬਲਵੀਰ, ਨਰਿੰਦਰ,ਸ਼ਨੀ ਕੁਮਾਰ,ਮਨੀ, ਸੁਸ਼ੀਲ, ਵਿੱਕੀ, ਰਾਮ ਲਾਲ,,ਟਿੰਕੂ, ਬਲਵੀਰ ਕੌਰ, ਨਰੇਸ਼, ਕਮਲਜੀਤ ਘੁੱਗੀ, ਰਾਜਿੰਦਰ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਮਾਪਿਆਂ ਦੀ ਮਾਰ ਵਿੱਚ ਵੀ ਪਿਆਰ ਹੁੰਦਾ ਹੈ...

ਅਜੋਕੇ ਸਮੇਂ ਵਿੱਚ ਬੇਸ਼ੱਕ ਮਾਪੇ ਅੱਜ ਕੱਲ ਆਪਣੇ ਬੱਚਿਆਂ ਪ੍ਰਤੀ ਬਹੁਤ ਸੁਚੇਤ ਨੇ ਤੇ ਉਹਨਾਂ ਦਾ ਬਹੁਤ ਖਿਆਲ ਰੱਖਦੇ ਨੇ ਪਰ ਪਿਛਲੇ ਜਮਾਨੇ ਵਿੱਚ ਇਸ ਤੋਂ ਵੀ ਜਿਆਦਾ ਖਿਆਲ ਰੱਖਿਆ ਕਰਦੇ ਸਨ ਅਤੇ ਉਹਨਾਂ ਕੋਲ ਸਖਤੀ ਵੀ ਹੁੰਦੀ ਸੀਲ ਬੱਚਿਆਂ ਵਿਚ ਡਰ ਦੀ ਭਾਵਨਾ ਪੈਦਾ ਕੀਤੀ ਜਾਂਦੀ ਸੀ, ਨਸੀਹਤ ਕਰਨ ਵਾਸਤੇ..... ਕਿ ਉਹ ਕੋਈ ਮਾੜਾ ਕੰਮ ਨਾ ਕਰਨ ਲ ਅੱਜ ਕੱਲ ਦੇ ਮਾਪੇ ਬੱਚਿਆਂ ਨੂੰ ਪਿਆਰ ਨਾਲ ਹੀ ਗੱਲਾਂ ਸਮਝਾਉਂਦੇ ਹਨ ਸਖਤੀ ਘੱਟ ਕਰਦੇ ਹਨਲ ਉਹ ਮਨੋਵਿਗਿਆਨਿਕ ਤੌਰ ਤੇ ਵਿਹਾਰ ਕਰਦੇ ਹਨਲ ਬੱਚਿਆਂ ਨੂੰ ਆਪਣੇ ਦੋਸਤਾਂ ਵਾਂਗ ਰੱਖਦੇ ਹਨਲ ਪਰ ਪੁਰਾਣੇ ਜਮਾਨੇ ਨੂੰ ਜਦੋਂ ਯਾਦ ਕਰਦੇ ਹਾਂ, ਉਸ ਵੇਲੇ ਜੇਕਰ ਸਾਡਾ ਥੋੜਾ ਵੀ ਕਸੂਰ ਹੁੰਦਾ ਸੀ ਤਾਂ ਇੰਨੀ ਜ਼ਿਆਦਾ ਮਾਰ ਪੈਂਦੀ ਸੀ ਕਿ ਨਾਨੀ ਯਾਦ ਆ ਜਾਂਦੀ ਸੀਲ ਬਾਪ ਡੰਡਿਆਂ ਨਾਲ ਸੇਵਾ ਕਰਦੇ ਸਨ ਤੇ ਮਾਵਾਂ ਦੇ ਜੋ ਹੱਥ ਆ ਜਾਏ.....ਜੇ ਚਿਮਟਾ ਹੱਥ ਆ ਗਿਆ ਚਿਮਟਾ ਹੀ ਵਰ੍ਹਦਾ ਸੀਲ ਕਿਹਾ ਜਾਂਦਾ ਸੀ ਕਿ ਰੰਬੇ ਤੇ ਬੱਚਿਆਂ ਨੂੰ ਜਿੰਨਾ ਚੰਡੋਗੇ ਉਨੀ ਹੀ ਤੇਜ਼ ਹੋਣਗੇਲ ਇਹੀ ਹਾਲ ਸਕੂਲਾਂ ਵਿੱਚ ਸੀਲ ਕਲਾਸ ਦਾ ਅਨੁਸ਼ਾਸਨ ਤੋੜਨ ਜਾਂ ਘਰ ਦਾ ਕੰਮ ਨਾ ਕਰਨ ਤੇ ਜਿਹੜੀ ਮਾਰ ਪੈਂਦੀ ਸੀ ਉਸਦਾ ਵਰਨਣ ਕੀਤਿਆਂ ਹੀ ਬਣਦਾ ਹੈ ਲਡੰਡੇ ਨਾਲ ਹੱਥ ਲਾਲ ਕਰ ਦਿੱਤੇ ਜਾਂਦੇ ਸਨਲ ਬੱਚਿਆਂ ਨੂੰ ਮੁਰਗੇ ਬਣਾਉਣਾ ਤਾਂ ਇੱਕ ਆਮ ਗੱਲ ਸੀ ਲ ਸਕੂਲ ਵਿੱਚ ਜਦੋਂ ਮਾਰ ਪੈਣ ਦਾ ਘਰਦਿਆਂ ਨੂੰ ਪਤਾ ਲੱਗਦਾ ਸੀ ਉਹ ਆਪਣੀ ਹੋਰ ਦੋਹਰੀ ਮਾਰ ਪਾ ਦਿੰਦੇਲ ਉਹ ਵੱਖਰੀ ਸੇਵਾ ਕਰਦੇਲ ਬਚਪਨ ਵਿੱਚ ਮੈਂ ਤਾਂ ਇੱਕ ਮੇਰੇ ਦੋਸਤ ਨੇ ਮਲੇਰਕੋਟਲਾ ਵਿਖੇ ਇੱਕ ਫਿਲਮ ਦੇਖਣ ਦਾ ਪ੍ਰੋਗਰਾਮ ਬਣਾ ਲਿਆਲ ਮਲੇਰ ਕੋਟਲਾ ਸਾਡੇ ਪਿੰਡ ਤੋਂ 20 ਕਿਲੋਮੀਟਰ ਦੂਰੀ ਤੇ ਹੈਲ ਸਕੂਲ ਅੱਧੀ ਛੁੱਟੀ ਤੋਂ ਬਾਅਦ ਉੱਥੇ ਫਿਲਮਾਂ ਦੇਖਣ ਦਾ ਪ੍ਰੋਗਰਾਮ ਬਣਾ ਲਿਆਲ ਅਸੀਂ "ਸ਼ਬਨਮ" ਫਿਲਮ ਦੇਖੀਲ ਫਿਲਮ ਵੇਖਕੇ ਬੜੀ ਸਫਲਤਾ ਨਾਲ ਅਸੀਂ ਆਪਣੇ ਘਰ



ਵਾਪਿਸ ਪਹੁੰਚ ਗਏਲ ਮੇਰੇ ਪਿਤਾ ਜੀ ਸਕੂਲੋਂ ਪੜ੍ਹਾ ਕੇ ਜਦੋਂ ਵਾਪਸ ਘਰ ਪਹੁੰਚੇ ਤਾਂ ਉਹਨਾਂ ਦੇ ਤੇਵਰ ਹੀ ਕੋਈ ਨਿਰਾਲੇ ਸਨ ਲ ਉਹਨਾਂ ਕਿਹਾ ਤੇਰੀ ਸ਼ਬਨਮ ਬਣਾਉਣਾ ਮੈਂ ਹੁਣ..... ਹੁਣ ਡੰਡਾ ਫੜਿਆ.... ਗੁੱਸੇ ਵਿੱਚ ਉਹਨਾਂ ਦਾ ਮੂੰਹ ਲਾਲ ਸੀਲਉਹਨਾਂ ਦੇ ਡੰਡੇ ਨੇ ਮੇਰੀਆਂ ਚੀਕਾਂ ਕਢਵਾ ਦਿੱਤੀਆਂਲ ਉਹਨਾਂ ਨੇ ਮੈਥੋਂ ਕੰਨਾਂ ਨੂੰ ਹੱਥ ਲਵਾਏ ਤੇ ਤੌਬਾ ਕਰਨ ਲਈ ਕਿਹਾਲਉਸ ਤੋਂ ਬਾਅਦ ਐਸੀ ਨਸੀਹਤ ਆਈ ਕਿ ਮੁੜ ਕੇ ਫਿਲਮਾਂ ਵੇਖਣ ਵੱਲ ਮੂੰਹ ਨਹੀਂ ਕੀਤਾਲ ਜੇਕਰ ਵੱਡੀ ਗਿਣਤੀ ਵਿਚ ਫਿਲਮਾਂ ਵੇਖੀਆਂ ਵੀ ਹਨ ਤਾਂ ਉਹ ਟੈਲੀਵਿਜ਼ਨ ਤੇ ਲ ਦਰਅਸਲ ਉਸ ਦੋਸਤ ਨੇ ਆਪ ਹੀ ਮੈਨੂੰ ਫਿਲਮ ਵੇਖਣ ਲਈ ਸਕੀਮ ਬਣਾ ਕੇ ਫਿਲਮ ਵਿਖਾਈ ਤੇ ਆਪ ਹੀ ਮੇਰੇ ਪਿਤਾ ਜੀ ਨੂੰ ਸਕੂਲ ਜਾ ਕੇ ਦੱਸ ਦਿੱਤਾਲ...ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਉਸ ਵੇਲੇ ਫਿਲਮਾਂ ਵੇਖਣਾ ਇੱਕ ਪਾਪ ਸਮਝਿਆ ਜਾਂਦਾ ਸੀ ਜਦ ਕਿ ਅੱਜ ਕੱਲ ਦੇ ਜ਼ਮਾਨੇ ਵਿੱਚ ਐਸੀ ਕੋਈ ਗੱਲਬਾਤ ਨਹੀਂਹੈ ਲ ਉਸ ਵੇਲੇ ਦੇਖੀ ਗਈ ਫਿਲਮ "ਸ਼ਬਨਮ "ਦਾ ਇੱਕ ਗੀਤ ਹੈ,' ਯੇ ਤੇਰੀ ਸਾਦਗੀ ਜੇ ਤੇਰਾ ਬਾਂਕਪਨ..." ਉਸ ਵੇਲੇ ਤੋਂ ਲੈ ਕੇ ਹੁਣ ਤੱਕ ਇਹ ਗੀਤ ਮੈਨੂੰ ਬਹੁਤ ਹੀ ਅੱਛਾ ਲੱਗਦਾਹੈ ਲ ਮੈਨੂੰ ਆਪਣੇ ਪਿਤਾ ਜੀ ਦੀ ਮਾਰ ਵੀ ਯਾਦ ਆਉਂਦੀ ਹੈਲ ਜੋ ਹੁਣ ਚੰਗੀ ਮਹਿਸੂਸ ਹੁੰਦੀ ਹੈਲ ਕਾਸ਼ ਪਿਤਾ ਜੀ ਹੁਣ ਵੀ ਹੁੰਦੇ..... ਮੈਨੂੰ ਹੋਰ ਮਾਰ ਲੈਂਦੇ...ਇਸ ਵਿਚ ਉਹਨਾਂ ਦਾ ਪਿਆਰ ਯਾਦ ਆਉਂਦਾ ਹੈ....... ਸੱਚ ਮੁੱਚ ਵਿੱਚ ਮੇਰੀਆਂ ਅੱਖਾਂ ਭਰ ਆਈਆਂ ਨੇ......ਮਾਪਿਆਂ ਦੀ ਇਸ ਮਾਰ ਵਿੱਚ ਕਿੰਨਾ ਪਿਆਰ ਛੁਪਿਆ ਹੁੰਦਾ ਹੈ....ਇਹ ਮਾਰ ਵੀ ਦੁਰਲਭ ਸੀ ਜਿਹੜੀ ਹੁਣ ਨਹੀਂ ਮਿਲ ਸਕਦੀ....



**ਗੁਰਇੱਕ ਸਿੰਘ ਪੰਧੇਰ**






Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com